# ਆਓ ਬਾਤਾਂ ਸੁਣੀਏ

ਡਾ. ਦੇਵਿੰਦਰ ਸੈਫ਼ੀ

## ਲੇਖਕ ਦੀਆਂ ਹੋਰ ਰਚਨਾਵਾਂ

- ਦੁਪਹਿਰ ਦਾ ਸਫ਼ਾ (ਕਾਵਿ)
- ਇਕਬਾਲ ਰਾਮੂਵਾਲੀਆ ਕਾਵਿ: ਉਤਰਆਧੁਨਿਕ ਪਰਿਪੇਖ (ਆਲੋਚਨਾ)
- ਸੁਤਿੰਦਰ ਸਿੰਘ ਨੂਰ: ਸਿਧਾਂਤ ਤੇ ਸਮੀਖਿਆ (ਮੈਟਾ ਆਲੋਚਨਾ)
- ਸਾਹਿਤ ਸਿਧਾਂਤਕਾਰੀ ਅਤੇ ਪ੍ਰਮੁੱਖ ਪੰਜਾਬੀ ਸਿਧਾਂਤਕਾਰ (ਸਿਧਾਂਤਕਾਰੀ)
- ਮਹਾਂਮਾਨਵ (ਨੀਤਸ਼ੇ ਦੇ ਸੁਪਰਮੈਨ ਦੀ ਪੁਨਰ ਸਿਰਜਨਾ)

**AAO BAATAN SUNIE**

**By**
**DR. DEVINDER SAIFEE**

**ISBN: 978-81-8299-265-8**
**Year of Publication: 2023**

**Publication Bureau**
**Sunny Oberoi Vivek Sadan:**
**Advance Institute of Social Sciences,**
**Sri Anandpur Sahib, Punjab**

**Printed at:**

© 2023

Produced and Bound in India

All rights reserved This book is Second Edition for Free Distribution under kind control of Sarbat Da Bhala Charitable Trust (Regd.) by Publication Bureau Sunny Oberoi Vivek Sadan : Advance Institute of Social Sciences, Sri Anandpur Sahib subject to the condition that the publisher's binding or cover other than that in which it is published and without a similar condition including this condition being imposed on the subsequent reader without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (Electronic, Mechanical, Photocopying, Recording or otherwise), without the prior written permission of both the copyright owner and the above mentioned publisher of this book.

**ਪਬਲੀਕੇਸ਼ਨ ਬਿਊਰੋ**

**ਸੰਨੀ ਓਬਰਾਏ ਵਿਵੇਕ ਸਦਨ: ਐਡਵਾਂਸ ਇੰਸਟੀਚਿਊਟ ਆਫ ਸੋਸ਼ਲ ਸਾਇੰਸਜ਼,**

**ਸ੍ਰੀ ਅਨੰਦਪੁਰ ਸਾਹਿਬ**

## ਸ਼ੁੱਭਕਾਮਨਾਵਾਂ



ਹਰ ਖਿੱਤੇ ਦੇ ਸਮਾਜ ਦੀ ਆਪਣੀ ਇਕ ਲੋਕਧਾਰਾ ਅਤੇ ਸਭਿਆਚਾਰ ਹੁੰਦਾ ਹੈ। ਕੋਈ ਵੀ ਸਮਾਜ ਜਾਂ ਸੱਭਿਅਤਾ ਲੋਕਧਾਰਾ ਤੋਂ ਵਿਹੂਣੀ ਨਹੀਂ ਹੁੰਦੀ। ਸਮਾਜਿਕ ਵਿਰਾਸਤ ਦੀ ਅਮੀਰੀ ਉਸਦੇ ਲੋਕਧਾਰਾਈ ਅਮਲ ਤੋਂ ਹੁੰਦੀ ਹੈ। ਹਜਾਰਾਂ ਸਾਲਾਂ ਪੁਰਾਣੀਆਂ ਲੋਕਾਂ ਦੀਆਂ ਮਨੋ-ਭਾਵਨਾਵਾਂ, ਪੀੜ੍ਹੀ ਦਰ ਪੀੜ੍ਹੀ ਉਨ੍ਹਾਂ ਦੇ ਵਿਚਾਰਾਂ-ਅਹਿਸਾਸਾਂ ਤੇ ਅਨੁਭੂਤੀਆਂ ਦੁਆਰਾ ਲੋਕ-ਪਰੰਪਰਾ ਤੇ ਲੋਕ ਸਾਹਿਤ ਦੇ ਰੂਪ 'ਚ ਪ੍ਰਗਟ ਹੋਈਆਂ ਹਨ। ਪੰਜਾਬੀ ਲੋਕਧਾਰਾਈ ਸਾਹਿਤ ਦਾ ਆਪਣਾ ਇਕ ਗੌਰਵਮਈ ਇਤਿਹਾਸ ਹੈ, ਜਿਸ ਨੇ ਆਪਣੇ ਵਿਚ ਬਹੁਤ ਹੀ ਅਮੀਰ ਵਿਰਸੇ ਨੂੰ ਸਮੋਇਆ ਹੋਇਆ ਹੈ। ਇਸ ਵਿਚ ਸਾਡੇ ਬਜੁਰਗਾਂ ਤੇ ਵਡੇਰਿਆਂ ਦੇ ਉਹ ਅਨੁਭਵ ਸ਼ਾਮਿਲ ਹਨ ਜੋ ਅੱਜ ਵੀ ਸਾਡੇ ਸਮਾਜ ਨੂੰ ਸੁਚੱਜੀ ਜੀਵਨ ਦਿਸ਼ਾ ਵੱਲ ਤੋਰਦੇ ਹਨ। ਵਿਸ਼ਵੀਕਰਨ ਦੇ ਯੁੱਗ ਵਿਚ ਜਿੱਥੇ ਮਨੁੱਖ ਸਵੈ-ਕੇਂਦ੍ਰਿਤ ਹੋ ਕੇ ਰਹਿ ਗਿਆ ਹੈ। ਜਿਸ ਵਿਚ ਉਹ ਵਿਗਿਆਨ ਅਤੇ ਤਕਨਾਲੋਜੀ ਦੀ ਵਰਤੋਂ ਕਰਦਾ-ਕਰਦਾ ਉਸਦਾ ਗੁਲਾਮ ਬਣ ਕੇ ਰਹਿ ਗਿਆ। ਅਜਿਹੇ ਸਮਿਆਂ ਵਿਚ ਸਾਡਾ ਆਪਣੀ ਪਰੰਪਰਾ ਵਿਸ਼ੇਸਕਰ ਲੋਕ ਪਰੰਪਰਾ ਵੱਲ ਮੁੜ ਦੇਖਣਾ ਬਣਦਾ ਹੈ। ਜਿਸ ਵਿਚਲੀ ਸੰਵੇਦਨਸ਼ੀਲਤਾ, ਉਸਦੀ ਫ਼ਕੀਰੀ ਤੇ ਸਾਧਾਰਨ ਜੀਵਨ-ਸ਼ੈਲੀ ਦੇ ਕਿਰਦਾਰ ਸਾਨੂੰ ਮਨੁੱਖ ਹੋਣ ਦਾ ਅਹਿਸਾਸ ਕਰਵਾਉਂਦੇ ਹਨ।

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਸਮਾਜਿਕ ਚੇਤਨਾ ਨੂੰ ਉਜਾਗਰ ਕਰਨ ਲਈ ਯਤਨਸ਼ੀਲ ਹੈ। ਇਸ ਮੰਤਵ ਲਈ ਟਰੱਸਟ ਨਿਰੰਤਰ ਭੇਟਾ ਰਹਿਤ ਪੁਸਤਕ ਪ੍ਰਕਾਸ਼ਨ ਦਾ ਕਾਰਜ ਕਰ ਰਿਹਾ ਹੈ। ਇਸੇ ਮਿਸ਼ਨ

ਤਹਿਤ ਹਥਲੀ ਪੁਸਤਕ ਪਬਲੀਕੇਸ਼ਨ ਬਿਊਰੋ ਸੰਨੀ ਉਬਰਾਏ ਵਿਵੇਕ ਸਦਨ: ਐਡਵਾਂਸ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼, ਸ੍ਰੀ ਅਨੰਦਪੁਰ ਸਾਹਿਬ ਵੱਲੋਂ ਪ੍ਰਕਾਸ਼ਿਤ ਕੀਤੀ ਜਾ ਰਹੀ ਹੈ। ਡਾ. ਦੇਵਿੰਦਰ ਸੈਫ਼ੀ ਵੱਲੋਂ ਤਿਆਰ ਕੀਤੀ ਗਈ ਪੁਸਤਕ 'ਆਓ ਬਾਤਾਂ ਸੁਣੀਏ' ਸਮਾਜਿਕ ਨੈਤਿਕ ਮਹੱਤਵ ਵਾਲੀ ਪੁਸਤਕ ਹੈ। ਮੈ ਡਾ. ਦੇਵਿੰਦਰ ਸੈਫ਼ੀ ਨੂੰ ਮੁਬਾਰਕਬਾਦ ਦਿੰਦਾ ਹਾਂ ਅਤੇ ਉਮੀਦ ਕਰਦਾ ਹਾਂ ਕਿ ਟਰੱਸਟ ਦੇ ਪਬਲੀਕੇਸ਼ਨ ਵੱਲੋਂ ਛਾਪੀ ਜਾ ਰਹੀ ਇਹ ਪੁਸਤਕ ਇਕ ਸਾਰਥਿਕ ਉਪਰਾਲਾ ਸਿੱਧ ਹੋਵੇਗੀ। ਹਰ ਉਮਰ ਦਾ ਪਾਠਕ ਕਹਾਣੀ-ਰਸ ਮਾਣਦਾ ਹੋਇਆ ਇਸ ਵਿੱਚੋਂ ਆਪਣੇ ਪੱਧਰ ਮੁਤਾਬਿਕ ਸਿਆਣਪੀ ਰਮਜ਼ਾਂ ਹਾਸਲ ਕਰ ਸਕਦਾ ਹੈ।

**ਪ੍ਰੋ. ਡਾ. ਐਸ.ਪੀ. ਸਿੰਘ ਓਬਰਾਏ**
**ਮੈਨੇਜਿੰਗ ਟਰੱਸਟੀ**
**ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਰਜਿ.**

## ਮੁਬਾਰਕੀ ਅਹਿਸਾਸ

ਕਿਸੇ ਅੱਛੀ ਪੁਸਤਕ ਨੂੰ ਪ੍ਰਕਾਸ਼ਨਾ ਤੀਕ ਲੈ ਕੇ ਜਾਣਾ ਅਤੇ ਫਿਰ ਬਿਨਾਂ ਕਿਸੇ ਕੀਮਤ ਦੇ ਪਾਠਕਾਂ ਦੇ ਹੱਥਾਂ ਵਿੱਚ ਦੇਣਾ ਪੰਜਾਬੀ ਅਦਬ ਦੀ ਵੱਡੀ ਸੇਵਾ ਹੈ। ਪੰਜਾਬੀ ਸਮਾਜ ਵਿੱਚ ਇਸ ਸੇਵਾ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ। ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦਾ ਪਬਲੀਕੇਸ਼ਨ ਬਿਊਰੋ ਇਸ ਜ਼ਰੂਰਤ ਨੂੰ ਬੇਹੱਦ ਤਨਦੇਹੀ ਨਾਲ ਪੂਰ ਰਿਹਾ ਹੈ।

ਜੇਕਰ ਅੱਛਾ ਲੇਖਕ ਆਪਣੀ ਇੰਟਲੈਕਚੁਅਲ ਪ੍ਰਾਪਰਟੀ ਨੂੰ ਬਿਨਾਂ ਕਿਸੇ ਰਾਇਲਟੀ ਦੇ ਪਾਠਕਾਂ ਤੀਕ ਪਹੁੰਚਾਉਣ ਦੀ ਭਾਵਨਾ ਰੱਖੇ ਤੇ ਕੋਈ ਮਾਨਵ - ਸੇਵਾ ਨੂੰ ਪਰਣਾਇਆ ਪ੍ਰਕਾਸ਼ਕ ਬਿਨਾਂ ਕਿਸੇ ਕੀਮਤ ਦੇ ਉਸ ਪ੍ਰਾਪਰਟੀ ਨੂੰ ਪਾਠਕਾਂ ਤੀਕ ਲੈ ਕੇ ਜਾਣ ਲਈ ਵਚਨਬੱਧ ਹੋਵੇ ਤਾਂ ਪੰਜਾਬੀ ਪਾਠਕ ਜਗਤ ਲਈ ਇਸ ਤੋਂ ਵੱਡਾ ਵਰਦਾਨ ਹੋਰ ਕੀ ਹੋ ਸਕਦਾ ਹੈ!  ਇਸ ਲੜੀ ਵਿੱਚ ਉੱਤਮ ਸ਼ਾਇਰ ਅਤੇ ਚਿੰਤਕ ਡਾ.ਦੇਵਿੰਦਰ ਸੈਫ਼ੀ ਦੁਆਰਾ ਤਿਆਰ ਕੀਤਾ ਲੋਕਧਾਰਾ ਮੁਖੀ ਗਲਪ - ਕਾਰਜ " ਆਓ ਬਾਤਾਂ ਸੁਣੀਏ " ਟਰੱਸਟ ਵੱਲੋਂ ਪੇਸ਼ ਕੀਤਾ ਜਾ ਰਿਹਾ ਹੈ। ਇਸ ਅਦਬੀ ਸੇਵਾ ਲਈ ਲੇਖਕ ਤੇ ਪ੍ਰਕਾਸ਼ਨ ਦੋਵੇਂ ਹੀ ਵੱਡੀ ਮੁਬਾਰਕ ਦੇ ਹੱਕਦਾਰ ਹਨ।

**ਸ਼ਰਨਜੀਤ ਸਿੰਘ ਬੈਂਸ**

## ਸਾਰਥਕ ਉਪਰਾਲਾ

ਲੋਕਧਾਰਾ ਕਿਸੇ ਵੀ ਜਨ-ਸਮੂਹ ਦੇ ਸਮੁੱਚੇ ਜੀਵਨ ਦਾ ਆਧਾਰ ਹੁੰਦੀ ਹੈ। ਇਸ ਜੀਵਨ ਨੂੰ ਸਚਿਆਰਾ ਬਣਾਉਣ ਲਈ ਲੋਕਧਾਰਾ ਦੇ ਸਿਰਜਣ ਹਾਰਿਆਂ ਨੇ ਲੋਕ ਬਾਤਾਂ ਦੀ ਸਿਰਜਣਾ ਕੀਤੀ। ਇਹ ਬਾਤਾਂ ਮੌਖਿਕ ਰੂਪ ਵਿਚ ਪੀੜ੍ਹੀ ਦਰ ਪੀੜ੍ਹੀ ਚੱਲ ਕੇ ਲੋਕਧਾਰਾ ਦਾ ਇਕ ਜੀਵੰਤ ਪ੍ਰਵਾਹ ਬਣ ਗਈਆਂ। ਅਜੋਕੇ ਵਿਗਿਆਨਕ ਯੁੱਗ ਨੇ ਇਸ ਪ੍ਰਵਾਹ ਨੂੰ ਅਜਿਹੀ ਢਾਹ ਲਾਈ ਕਿ ਇਹ ਬਾਤਾਂ ਨਵੀਂ ਪੀੜ੍ਹੀ ਲਈ ਬੀਤੇ ਸਮੇਂ ਦੀਆਂ, ਵੇਲਾ ਵਿਹਾ ਚੁੱਕੀਆਂ ਬਾਤਾਂ ਬਣ ਕੇ ਰਹਿ ਗਈਆਂ। ਫਲਸਰੂਪ, ਇਹਨਾਂ ਬਾਤਾਂ ਦਾ ਪ੍ਰਵਾਹ ਰੁਕ ਗਿਆ। ਜਿਸ ਨੂੰ ਪ੍ਰਵਾਹਤ ਕਰਨ ਲਈ, ਇਹਨਾਂ ਦੀ ਪੁਨਰ ਸਿਰਜਣਾ ਕਰ ਕੇ, ਸਮੇਂ ਦੇ ਹਾਣ ਦਾ ਬਣਾਉਣਾ ਜ਼ਰੂਰੀ ਹੋ ਗਿਆ। ਡਾ.ਦੇਵਿੰਦਰ ਸੈਫ਼ੀ ਨੇ ਇਸ ਜ਼ਰੂਰਤ ਨੂੰ ਸ਼ਿੱਦਤ ਨਾਲ ਮਹਿਸੂਸਦਿਆਂ ਹੋਇਆਂ ਪਹਿਲ ਕਦਮੀ ਕੀਤੀ ਹੈ ਅਤੇ ਅਜੋਕੇ ਪਦਾਰਥਵਾਦੀ ਯੁੱਗ ਵਿੱਚ ਆਪਣੇ ਲੋਕ ਧਾਰਾ ਦੇ ਵਹਿਣ ਤੋਂ ਵਿਰਵੀ ਹੋ ਰਹੀ ਨਵੀਂ ਪੀੜ੍ਹੀ ਨੂੰ ਜਾਗਰਿਤ ਕਰਨ ਲਈ "ਆਓ ਬਾਤਾਂ ਸੁਣੀਏ" ਇਕ ਸਾਰਥਕ ਉਪਰਾਲਾ ਕੀਤਾ ਹੈ। ਨਿਰਸੰਦੇਹ ਇਹ ਇਕ ਮੁੱਢਲਾ ਉਪਰਾਲਾ ਹੈ। ਲੋਕਧਾਰਾਈ ਬਾਤਾਂ ਦੇ ਰੁਕੇ ਹੋਏ ਪ੍ਰਵਾਹ ਨੂੰ ਵੇਗ ਪ੍ਰਦਾਨ ਕਰਨ ਲਈ ਅਜਿਹੇ ਹੋਰ ਨਿੱਗਰ ਉਪਰਾਲਿਆਂ ਦੀ ਲੋੜ ਹੈ ਤਾਂ ਜੋ ਨਵੀਂ ਪੀੜ੍ਹੀ ਆਪਣੇ ਲੋਕਧਾਰਾਈ ਵਿਰਸੇ ਨਾਲ ਜੁੜ ਸਕੇ ਅਤੇ ਇਸ ਦੀ ਸਾਰਥਿਕਤਾ ਤੇ ਮਹੱਤਤਾ ਨੂੰ ਸਮਝ ਸਕੇ।

**ਪ੍ਰੋ. ਜਲੌਰ ਸਿੰਘ ਖੀਵਾ**

**ਫ਼ਰੀਦਕੋਟ**

## ਬਾਤਾਂ ਦੀ ਪੁਨਰ ਸਿਰਜਣਾ ਕਰਦਿਆਂ

ਸੁਚੱਜਾ ਜੀਵਨ ਜਿਉਣ ਲਈ ਜਿਸ ਮਾਨਸਿਕ ਤੇ ਆਤਮਿਕ ਅਮੀਰੀ ਦੀ ਜ਼ਰੂਰਤ ਹੁੰਦੀ ਹੈ, ਉਹ ਲੋਕਧਾਰਾ ਤੋਂ ਟੁੱਟ ਕੇ ਕਦੇ ਵੀ ਹਾਸਲ ਨਹੀਂ ਹੋ ਸਕਦੀ ਲੋਕਧਾਰਾ ਮਾਂ ਬੋਲੀ ਦਾ ਦੁੱਧ ਹੁੰਦੀ ਹੈ। ਇਕ ਬੱਚੇ ਦੇ ਸੰਤੁਲਤ ਵਿਕਾਸ ਲਈ ਜਿਵੇਂ ਮਾਂ ਦੇ ਦੁੱਧ ਦੀ ਜ਼ਰੂਰਤ ਹੁੰਦੀ ਹੈ ਬਿਲਕੁਲ ਉਸੇ ਤਰ੍ਹਾਂ ਮਨੁੱਖ ਅੰਦਰ ਮਨੁੱਖਵਾਲੀ ਚੇਤਨਾ ਵਿਕਸਤ ਕਰਨ ਲਈ ਲੋਕਧਾਰਾ ਦੀ ਲੋੜ ਹੁੰਦੀ ਹੈ | ਮੁਖ਼ਤਲਿਫ਼ ਪ੍ਰਕਾਰ ਦਾ ਗਿਆਨ ਹਾਸਲ ਕਰਨ ਦੇ ਬਾਵਜੂਦ ਜੇ ਮਨੁੱਖ ਲੋਕਧਾਰਾ ਤੋਂ ਪਾਸੇ ਰਹਿ ਜਾਂਦਾ ਹੈ ਤਾਂ ਉਸਦੀ ਹਾਲਤ ਤਣੇ ਕੋਲੋਂ ਕੱਟੇ ਬਿਰਖ਼ ਵਰਗੀ ਹੁੰਦੀ ਹੈ।ਉਹ ਬਾਹਰ ਤੋਂ ਮਨੁੱਖ ਵਰਗਾ ਇਕ ਮਕਾਨਕੀ ਢਾਂਚਾ ਨਜ਼ਰ ਆ ਸਕਦਾ ਹੈ ਪਰ ਅੰਦਰੋਂ ਮਨੁੱਖ ਨਹੀਂ ਹੁੰਦਾ।

ਲੋਕਧਾਰਾ ਬੇਸ਼ੁਮਾਰ ਜੁਗਤਾਂ ਰਾਹੀ ਮਾਨਵੀ ਅਸਤਿੱਤਵ ਨੂੰ ਗੌਰਵੰਤ ਕਰਦੀ ਹੈ। 'ਬਾਤਾਂ' ਇਹਨਾਂ ਜੁਗਤਾਂ ਵਿਚੋਂ ਇਕ ਅਹਿਮ ਜੁਗਤ ਹੈ। ਬਾਤਾਂ ਵਿਚਲੇ ਪਾਤਰ ਆਪਣੇ ਮੂਰਖਪੁਣੇ, ਸਵਾਰਥੀਪੁਣੇ, ਲੋਭ, ਲਾਲਚ, ਹੰਕਾਰ ਆਦਿ ਕਾਰਨ ਕਸ਼ਟ ਭੋਗਦੇ ਹਨ ਅਤੇ ਆਪਣੀ ਤੇਜਬੁੱਧੀ, ਸਿਆਣਪ, ਹਲੀਮੀ, ਨਿਮਰਤਾ, ਸਹਿਜਤਾ, ਇਮਾਨਦਾਰੀ ਸਦਕਾ ਆਨੰਦਿਤ ਸੁਖ ਤੇ ਮਹਿਮਾ ਤਕ ਅੱਪੜਦੇ ਹਨ। ਅਜਿਹੇ ਵਿਭਿੰਨ ਪ੍ਰਕਾਰ ਦੇ ਪਾਤਰਾਂ ਦੀ ਕਾਰਜ ਵਿਧੀ ਵਿਚੋਂ ਉਦੈ ਹੁੰਦੇ ਸੁਨੇਹੇ ਸਹਿਜੇ ਹੀ ਸਾਡੀ ਚੇਤਨਾ ਅੰਦਰ ਜਜ਼ਬ ਹੋ ਕੇ ਉਮਰ ਭਰਦਾ ਸਿਆਣਪੀ-ਸਾਥ ਨਿਭਾਉਂਦੇ ਹਨ।

ਨੀਤੀ ਗਰੰਥਾਂ ਵਿਚੋਂ ਨੈਤਿਕ ਸਿੱਖਿਆ ਪੜ੍ਹਕੇ, ਪ੍ਰਚਾਰਕਾਂ, ਕਥਾ ਵਾਚਕਾਂ ਤੋਂ ਸਿੱਧੇ ਤੌਰ 'ਤੇ ਨੈਤਿਕ ਉਪਦੇਸ਼ ਸੁਣ ਅਸੀਂ ਸਿਆਣੀਆਂ ਗੱਲਾਂ ਕਰਨਜੋਗੇ ਤਾਂ ਹੋ ਜਾਂਦੇ ਹਾਂ ਪਰ ਇਹ ਗੱਲਾਂ ਅਕਸਰ ਕੁਝ ਚਰਚਾ ਤੱਕ ਸਿਮਟ ਕੇ ਵਕਤੀ ਪ੍ਰਭਾਵ-ਪਾਊ ਜਾਬੜ-ਭੇੜ ਤਕ ਸੀਮਤ ਹੋ ਕੇ ਰਹਿ ਜਾਂਦੀਆਂ ਹਨ।ਸਾਡੇ ਯੁੱਗ ਵਿਚ ਨਿੱਕੇ-ਨਿੱਕੇ ਹਿੱਤਾਂ ਦੀ ਪੂਰਤੀ ਖ਼ਾਤਰ ਨੀਵੇਂ ਪੱਧਰ ਦੀਆਂ

ਸਵਾਰਥ-ਸਿੱਧੀਆਂ ਖ਼ਾਤਰ ਵੱਡੇ-ਵੱਡੇ ਮੁੱਲਾਂ ਦੀਆਂ ਪਲਾਂ ਵਿਚ ਧੱਜੀਆਂ ਉਡਦੀਆਂ ਵਿਖਾਈ ਦੇ ਰਹੀਆਂ ਹਨ। ਜੇਲ੍ਹਾਂ ਵਿਚ ਅਨਪੜ੍ਹਾਂ ਨਾਲੋਂ ਪੜ੍ਹਿਆਂ ਲਿਖਿਆਂ ਦੀ ਗਿਣਤੀ ਦੁੱਗਣੀ ਤਿਗਣੀ ਹੋ ਜਾਣ ਦੇ ਅੰਕੜਾਗਤ ਪ੍ਰਮਾਣ ਮਿਲ ਰਹੇ ਹਨ। ਇਹ ਸਭ ਵਰਤਾਰੇ ਇਸ ਗੱਲ ਦਾ ਭਲੀਭਾਂਤ ਬੋਧ ਕਰਵਾ ਦਿੰਦੇ ਹਨ ਕਿ ਰਸਮੀ ਢੰਗ ਨਾਲ ਸੰਚਾਰਤ ਕੀਤੀ ਜਾਂਦੀ ਨੈਤਿਕ ਸਿੱਖਿਆ ਮਨੋਵਿਗਿਆਨਕ ਤੌਰ 'ਤੇ ਮਨ ਦੇ ਉਪਰਲੇ ਹਿੱਸੇ ਜੋਗੀ ਹੀ ਰਹਿ ਜਾਂਦੀ ਹੈ। ਸਾਡੇ ਸਕੂਲਾਂ, ਕਾਲਜਾਂ ਦੀਆਂ ਕੰਧਾਂ ਉਪਰ ਲਿਖੇ ਇਮਾਨਦਾਰ ਬਣੋ, ਸਦਾ ਸੱਚ ਬੋਲੋ, ਅਧਿਆਪਕ ਦੀ ਇੱਜ਼ਤ ਕਰੋ, ਮਾਪਿਆਂ ਦਾ ਸਤਿਕਾਰ ਕਰੋ ਆਦਿ ਸਲੋਗਨ ਵਿਹਾਰਕ ਰੂਪ ਵਿਚ ਵਿਚਰਨ ਵੇਲੇ ਬਿਲਕੁਲ ਵਿਰੋਧੀ ਵਿਹਾਰ ਵਿਚਤਬਦੀਲ ਹੁੰਦੇ ਨਜ਼ਰ ਆ ਜਾਂਦੇ ਹਨ।

ਦਰਅਸਲ ਮਨੁੱਖ ਦੁਆਰਾ ਕੀਤੀ ਜਾਂਦੀ ਕਿਰਿਆ ਦੀ ਅਸਲ ਵਾਗਡੋਰਉਹਦੇ ਅਵਚੇਤਨ ਦੇ ਹੱਥ ਹੁੰਦੀ ਹੈ। ਇਸ ਲਈ ਕੋਈ ਵੀ ਮੁੱਲ, ਸਿੱਖਿਆ ਜਾਂ ਆਦਰਸ਼ ਓਨੀ ਦੇਰ ਤੱਕ ਮਨੁੱਖੀ ਕਿਰਦਾਰ ਦਾ ਹਿੱਸਾ ਨਹੀਂ ਬਣ ਸਕਦਾ ਜਦੋਂ ਤੀਕ ਅਵਚੇਤਨ ਤਕ ਨਹੀਂ ਪਹੁੰਚਦਾ। ਪੁਰਾਣੇ ਜ਼ਮਾਨੇ ਵਿਚ ਮਾਤਾ-ਪਿਤਾ,ਦਾਦਾ-ਦਾਦੀ, ਨਾਨਾ-ਨਾਨੀ ਰਾਤਾਂ ਨੂੰ ਸੌਣ ਤੋਂ ਪਹਿਲਾਂ ਅਕਸਰ ਹੀ ਛੋਟਿਆਂ ਨੂੰ ਬਾਤਾਂ ਸੁਣਾਇਆ ਕਰਦੇ ਸਨ। ਦਿਲਚਸਪ ਬਿਰਤਾਂਤ ਸਿਰਜ ਕੇ ਬਾਲਮਨਾਂ ਅੰਦਰ ਵਿਗਸਦੀ ਉਤੇਜਨਾ, ਉਤਸੁਕਤਾ ਨੂੰ ਨਾਲ ਤੋਰ ਕੇ ਉਸ ਉਪਰ ਕੁਝ ਠੋਸਣ ਦੀ ਬਜਾਏ ਸਹਿਜ ਸੁਭਾਅ ਹੀ ਸਿਆਣਪੀ ਤੱਤਾਂ ਨੂੰ ਅਵਚੇਤਨ ਤਕ ਪਹੁੰਚਾ ਦਿੱਤਾ ਜਾਂਦਾ ਸੀ।

ਇਹਨਾਂ ਬਾਤਾਂ ਵਿਚ ਜਦੋਂ ਪਸ਼ੂ, ਪੰਛੀ, ਜਨੌਰ, ਦਰੱਖਤ ਬੋਲਦੇ ਸੁਣਾਈ ਦਿੰਦੇ, ਪਰੀਆਂ ਉਡਦੀਆਂ ਦਿਖਾਈ ਦਿੰਦਿਆਂ, ਨਾਇਕ ਨਾਇਕਾਵਾਂ ਦ੍ਰਿੜ੍ਹਤਾ ਨਾਲ ਜੰਗਲ-ਬੇਲੇ ਗਾਹੁੰਦੇ, ਦਰਿਆਵਾਂ, ਸਮੁੰਦਰਾਂ ਨੂੰ ਪਾਰ ਕਰਦੇ, ਰੂਪਵੰਤੀਆਂ,ਸੁੰਦਰੀਆਂ, ਰਾਜਕੁਮਾਰੀਆਂ ਦੇ ਹੁਸਨ ਰੌਸ਼ਨੀਆਂ ਵੰਡਦੇ,

ਖੁਸ਼ਬੋਆਂਬਿਖੇਰਦੇ ਨਜ਼ਰ ਆਉਂਦੇ ਤਾਂ ਕਲਪਨਾ ਦਾ ਘੇਰਾ ਬ੍ਰਹਿਮੰਡ ਜੇਡਾ ਵਿਸ਼ਾਲ ਹੋ ਜਾਂਦਾ ਸੀ। ਇਹ ਕਲਪਨਾ ਅਜਿਹੀ ਸੰਜੀਵਨੀ ਬੂਟੀ ਦਾ ਕਾਰਜ ਕਰਨ ਦੀ ਸਮਰੱਥਾ ਰੱਖਦੀਸੀ ਜੋ ਸੁਣਨ ਵਾਲੇ ਦੇ ਮਨ ਅੰਦਰ ਸੁੱਤੇ ਹੋਏ ਸੌਂਦਰਯ ਬੋਧ, ਸ਼ਿਵਮ ਸਮਰੱਥਾ ਅਤੇ ਸੱਤਿਅਮ ਗੌਰਵ ਨੂੰ ਜਾਗਰਿਤ ਕਰਕੇ ਉਸਨੂੰ ਅਣਗਾਹੇ ਰਾਹਾਂ 'ਤੇ ਪੱਬ ਧਰਨ ਲਈ ਸ਼ਕਤੀਸ਼ਾਲੀ ਪ੍ਰੇਰਨਾ ਦੇ ਦਿੰਦੀ ਸੀ।

ਅੱਜ ਜਦੋਂ ਅਸੀਂ ਇਤਿਹਾਸਕ ਮਿਥਿਹਾਸਕ ਤੇ ਹੋਰ ਵਿਭਿੰਨ ਕਿਸਮ ਦੇਅਲੌਕਿਕ ਅਲੋਕਾਰ ਪਾਤਰਾਂ ਨੂੰ ਟੀ.ਵੀ. ਸਿਨੇਮੇ ਦੀ ਸਕਰੀਨ 'ਤੇ ਘੜੇ ਘੜਾਏ ਰੂਪ ਵਿਚ ਵੇਖ ਲੈਂਦੇ ਹਾਂ ਤਾਂ ਸਾਡੀ ਆਪਣੀ ਕਲਪਨਾ ਸ਼ਕਤੀ ਕਰਮਹੀਣੀ ਹੋ ਕੇ ਰਹਿ ਜਾਂਦੀ ਹੈ। ਬਾਤਾਂ ਵਿਚ ਜਦੋਂ ਚਕਿਤ ਕਰਨ ਵਾਲੇ ਪਾਤਰਾਂ ਬਾਰੇਸੁਣਿਆ ਜਾਂਦਾ ਹੈ ਤਾਂ ਹਰ ਸੁਣਨ ਵਾਲਾ ਉਸ ਪਾਤਰ ਦੇ ਰੰਗ ਰੂਪ, ਸ਼ਕਤੀ,ਬਹਾਦਰੀ, ਚੰਗਿਆਈ, ਸਿਆਣਪ ਬਾਰੇ ਵੱਖਰੇ-ਵੱਖਰੇ ਅਕਸ ਆਪਣੇ ਮਨ ਅੰਦਰ ਸਿਰਜਦਾ ਹੈ। ਬਾਤਾਂ ਵਿਚਲੀ ਕਲਪਨਾ-ਸ਼ਕਤੀ ਸਹਿਜੇ ਹੀ ਹਰ ਸੁਣਨ ਵਾਲੇ ਨੂੰ ਸੁਹਜ ਸਿਰਜਕ ਬਣਾਉਣ ਦੀ ਸਮਰੱਥਾ ਰੱਖਦੀ ਹੈ। ਸਿਰਜੇ ਗਏ ਇਹ ਅਕਸ ਜਦੋਂ ਅਵਚੇਤਨ ਅੰਦਰ ਪਰਵੇਸ਼ ਕਰ ਜਾਂਦੇ ਹਨ ਤਾਂ ਆਦਰਸ਼ ਬਣਕੇ ਜੀਵਨ ਦੀ ਅਗਵਾਈ ਕਰਨ ਦੇ ਸਮਰੱਥ ਹੋ ਜਾਂਦੇ ਹਨ।

ਅਜੋਕੇ ਦੌਰ ਦੀ ਵੱਡੀ ਵਿਡੰਬਨਾ ਇਹ ਹੈ ਕਿ ਪਰਿਵਾਰ ਇਕਹਿਰੇ ਹੋ ਗਏ ਹਨ। ਵੱਡਿਆਂ ਛੋਟਿਆਂ ਦੀ ਪਹਿਲਾਂ ਵਾਲੀ ਸਾਂਝ ਨਹੀਂ ਰਹੀ। ਨਤੀਜਾਕੇਂਦਰਿਤ ਸਿੱਖਿਆ, ਟੀ.ਵੀ.ਸੀਰੀਅਲਾਂ, ਕੰਪਿਊਟਰੀ ਤੇ ਮੋਬਾਇਲੀ ਖੇਡਾਂ ਨੇ ਬੱਚਿਆਂ, ਕਿਸ਼ੋਰਾਂ, ਨੌਜਵਾਨਾਂ ਦਾ ਕਾਫ਼ੀ ਸਾਰਾ ਸਮਾਂ ਹੜੱਪ ਲਿਆ। ਅਜਿਹੀ ਸਥਿਤੀ ਵਿਚ ਕਦੇ ਵੱਡੇ-ਵਡੇਰਿਆਂ ਤੋਂ ਰਾਤਾਂ ਨੂੰ ਸੌਣ ਤੋਂ ਪਹਿਲਾਂ ਬਾਤਾਂ ਸੁਣਨ ਦਾ ਪੁਰਾਣੇ ਜ਼ਮਾਨੇ ਵਰਗਾ ਮੌਕਾ ਮਿਲੇ, ਇਸ ਗੱਲ ਦੀ ਤਵੱਕੋਂ ਨਹੀਂ ਕੀਤੀ ਜਾ ਸਕਦੀ। ਹੁਣ ਇਹ ਬਾਤਾਂ ਸਿਰਫ਼ ਪੜ੍ਹੀਆਂ ਜਾ ਸਕਦੀਆਂ ਹਨ ਤੇ ਜਾਂ

ਫਿਰ ਵਿਸ਼ੇਸ਼ ਮਕਸਦ ਹਿੱਤ ਅਨੁਭਵੀ ਬਜ਼ੁਰਗਾਂ ਕੋਲੋਂ ਸੁਣੀਆਂ ਜਾ ਸਕਦੀਆਂ ਹਨ।

ਬਾਤਾਂ ਦੀ ਸਾਰਥਿਕਤਾ ਯੁਗੋ-ਯੁਗ ਅਟੱਲ ਹੈ। ਇਹਨਾਂ ਅੰਦਰਲੇ ਸੁਨੇਹੇ ਤੇ ਪਾਤਰ ਆਪਣੀ ਵਿਅੰਜਨੀ ਸ਼ਕਤੀ ਰਾਹੀਂ ਹਰ ਯੁੱਗ ਨੂੰ ਵਿਸ਼ੇਸ਼ ਸੰਵੇਦਨਾ ਤੇ ਜਾਗਰਤੀ ਪ੍ਰਦਾਨ ਕਰਨ ਦੇ ਸਮਰੱਥ ਹਨ। ਹਥਲੀ ਪੁਸਤਕ ਵਿਚ ਇਕੱਤਰ ਕੀਤੀਆਂ ਬਾਤਾਂ ਵਿਚਲਾ ਖ਼ਜ਼ਾਨਾ ਕੁਝ ਬਚਪਨ ਦੇ ਚੇਤਿਆਂ ਵਿਚੋਂ ਕੱਢਿਆਹੈ, ਕੁਝ ਇਕੱਤ੍ਰੀਕਰਨ ਦੇ ਵਿਸ਼ੇਸ਼ ਮਕਸਦ ਹਿੱਤ ਪਿੰਡ ਦੇ ਬਜ਼ੁਰਗਾਂ ਕੋਲ ਬੈਠ ਕੇ ਹਾਸਲ ਕੀਤਾ ਹੈ ਤੇ ਕੁਝ ਬਾਤਾਂ ਕਿਸੇ ਨਾ ਕਿਸੇ ਅਖਾਉਤ ਜਾਂ ਲੋਕ ਸਿਆਣਪ ਨੂੰ ਸਿੱਧ ਕਰਨ ਲਈ ਘੜੀਆਂ ਹਨ। ਨਵੇਂ ਤਾਰਕਿਕ ਯੁਗ ਦਾ ਖ਼ਿਆਲ ਰੱਖ ਕੇ ਕੁਝ ਘਟਨਾਵਾਂ ਦੀ ਸ਼ਮੂਲੀਅਤ ਲਈ ਨਵੇਂ ਬਿਰਤਾਂਤ ਘੜਨ ਅਤੇ ਕਾਵਿ ਸਿਰਜਨ ਦੇ ਯਤਨ ਆਪਣੇ ਵੱਲੋਂ ਕੀਤੇ ਹਨ। ਪੁਨਰ ਸਿਰਜਣਾ ਕਰਦਿਆਂ ਵੀ ਮੂਲ ਸੁਨੇਹੇ ਅਤੇ ਕਥਾਨਿਕ ਰੂੜੀਆਂ ਦੇ ਪ੍ਰਵਾਹ ਨੂੰ ਅੰਗ-ਸੰਗ ਰੱਖਿਆ ਹੈ। ਇਉਂ ਪੰਜਾਬੀ ਗੌਰਵ ਤੇ ਸਿਆਣਪ ਨੂੰ ਵਧੀਕ ਸਰਲਤਾ ਸਪੱਸ਼ਟਤਾ ਤਹਿਤ ਪਾਠਕਾਂ ਤਕ ਪਹੁੰਚਾਉਣ ਲਈ ਨਿੱਕਾ ਜਿਹਾ ਯਤਨ ਕੀਤਾ ਹੈ।

ਇਸ ਯਤਨ ਨੂੰ ਸੋਹਣੇ ਅੰਦਾਜ਼ ਨਾਲ ਛਾਪ ਕੇ ਵਧੀਕ ਤੋਂ ਵਧੀਕ ਪਾਠਕਾਂ ਤੀਕ ਪਹੁੰਚਾਉਣ ਦਾ ਅਹਿਦ ਕਰਨ ਵਾਲੇ ਮਾਨਵੀ ਸੇਵਾ ਨੂੰ ਪਰਣਾਏ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਪ੍ਰਤੀ ਨਤਮਸਤਕ ਹਾਂ। ਮਾਣਯੋਗ ਐਸ. ਪੀ. ਸਿੰਘ ਓਬਰਾਏ ਹੋਰਾਂ ਦੀ ਅਦਬੀ ਕਾਰਜਾਂ ਪ੍ਰਤੀ ਕੀਤੀ ਜਾ ਰਹੀ ਅਜਿਹੀ ਪਹਿਲਕਦਮੀ ਪ੍ਰਤੀ ਕ੍ਰਿਤੱਗਯ ਭਾਵ ਅਰਪਨ ਕਰਦਾ ਹਾਂ।

**ਡਾ. ਦੇਵਿੰਦਰ ਸੈਫ਼ੀ**

# ਤਤਕਰਾ


| ਲੜੀ ਨੰ | | ਪੰਨਾ ਨੰ |
|---|---|---|
| 1. | ਦਸਾਂ ਨਹੁੰਆਂ ਦੀ ਕਮਾਈ ਸੋਨਾ ਲੈ ਕੇ ਆਈ | 01 |
| 2. | ਬੁਰਾ ਬੋਲਣ ਵਾਲਿਆਂ ਨੂੰ ਸਬਕ | 05 |
| 3. | ਸਬਰ ਤੇ ਧੀਰਜ ਗਵਾਇਆ<br>ਕੁਝ ਵੀ ਹੱਥ ਨਾ ਆਇਆ | 08 |
| 4. | ਗਿੱਦੜ ਦੀ ਚਲਾਕੀ, ਸ਼ੇਰ ਦੀ ਨਲਾਇਕੀ | 11 |
| 5. | ਲਾਲਚੀ ਤੇ ਸਵਾਰਥੀ ਗਵਾ ਬਹਿੰਦੇ ਨੇ ਦੋਸਤੀ | 15 |
| 6. | ਲਾਲਚ ਬੁਰੀ ਬਲਾਈ | 20 |
| 7. | ਪਾਗਲਾਂ ਨੂੰ ਪਾਗਲ ਹੀ ਚੰਗੇ ਲੱਗਦੇ ਨੇ | 24 |
| 8. | ਸੁੱਤਿਆਂ ਦੇ ਕੱਟੇ, ਜਾਗਦਿਆਂ ਦੀਆਂ ਕੱਟੀਆਂ | 29 |
| 9. | ਨੜ੍ਹਿਨਵੇਂ ਦਾ ਗੇੜ | 31 |
| 10. | ਆਪੇ ਫਾਥੜੀਏ ਤੈਨੂੰ ਕੌਣ ਬਚਾਵੇ | 36 |
| 11. | ਨੇਹੁੰ ਨਾ ਲੱਗਦੇ ਜੋਰੀਂ ਜੀ | 43 |
| 12. | ਬਾਂਦਰੀ ਦੀ ਸਿਆਣਪ | 53 |
| 13. | ਜ਼ਹਿਰ ਦੀ ਥੈਲੀ | 59 |
| 14. | ਬਾਗਾਂ ਦਾ ਵਾਰਿਸ | 66 |
| 15. | ਆਕੜ ਤੇ ਹੰਕਾਰ ਅਕਲ ਦਿੰਦੇ ਮਾਰ | 70 |
| 16. | ਜ਼ੋਰਾਵਰਾਂ ਦਾ ਸੱਤੀਂ ਵੀਹੀਂ ਸੌ | 74 |

# ਦਸਾਂ ਨਹੁੰਆਂ ਦੀ ਕਮਾਈ ਸੋਨਾ ਲੈ ਕੇ ਆਈ

ਇਕ ਨਗਰ ਦਾ ਰਾਜਾ ਬਹੁਤ ਦਾਨੀ ਸੁਭਾਅ ਦਾ ਸੀ। ਉਹ ਹਰ ਤਿਉਹਾਰ 'ਤੇ ਸਾਧੂਆਂ, ਸੰਤਾਂ ਨੂੰ ਆਪਣੇ ਮਹਿਲਾਂ ਵਿੱਚ ਸੱਦ ਕੇ ਪੁੰਨਦਾਨ ਕਰਿਆ ਕਰਦਾ। ਇੱਕ ਦਿਨ ਰਾਜਾ ਸੈਰ ਕਰਦਾ-ਕਰਦਾ ਕਾਫ਼ੀ ਦੂਰ ਚਲਿਆ ਗਿਆ। ਓਥੇ ਰਸਤੇ ਵਿੱਚ ਉਸਨੂੰ ਇੱਕ ਸਾਧੂ ਦੀ ਕੁਟੀਆ ਦਿਖਾਈ ਦਿੱਤੀ।

ਰਾਜੇ ਨੇ ਸੋਚਿਆ ਕਿ ਸਾਧੂ ਮਹਿਲਾਂ ਵਿਚ ਦਾਨ-ਮੰਗਣ ਤਾਂ ਜਾਂਦਾ ਹੀ ਹੋਵੇਗਾ, ਚਲੋ ਇਸ ਨਾਲ ਕੁਝ ਗੱਲਾਂ ਬਾਤਾਂ ਕਰਦੇ ਹਾਂ। ਓਧਰ ਸਾਧੂ ਪੰਛੀਆਂ ਨੂੰ ਦਾਣੇ ਪਾ ਰਿਹਾ ਸੀ।ਰਾਜੇ ਦੇ ਆਉਣ 'ਤੇ ਵੀ ਉਹ ਆਪਣੇ ਕੰਮ ਵਿਚ ਮਗਨ ਰਿਹਾ।

ਰਾਜੇ ਨੇ ਆਉਂਦਿਆਂ ਸਾਰ ਹੀ ਸਾਧੂ ਨੂੰ ਪੁੱਛਿਆ, “ਬਾਬਾ ਜੀ, ਤੁਹਾਨੂੰ ਮੇਰੀ ਪਛਾਣ ਨਹੀਂ ਆਈ?"“ਰੱਬ ਦਾ ਬੰਦਾ ਹੀ ਹੋਵੇਂਗਾ ਤੂੰ?ਆ ਜਾ ਬਹਿ ਜਾਹ ਭਾਈ, ਮੇਰੇ ਲਾਇਕ ਕੋਈ ਸੇਵਾ ਤਾਂ ਦੱਸ, ਜਿੰਨੇ ਜੋਗਾ ਹਾਂ, ਜ਼ਰੂਰ ਕਰਾਂਗਾ।” ਸਾਧੂ ਨੇ ਬੜੇ ਸਹਿਜ ਨਾਲ ਆਖਿਆ।

ਰਾਜੇ ਨੇ ਨੇੜੇ ਹੋ ਕੇ ਸਾਧੂ ਨੂੰ ਪੁੱਛਿਆ। "ਬਾਬਾ ਜੀ ਲੱਗਦਾ ਤੁਸੀਂ ਮੈਨੂੰ ਪਛਾਣਿਆ ਨਹੀਂ,ਕੀ ਤੁਸੀਂ ਮੈਥੋਂ ਕਦੇ ਦਾਨ ਲੈਣ ਨਹੀਂ ਆਏ?ਮੈਂ ਇਸ ਨਗਰ ਦਾ ਰਾਜਾਹਾਂ।"ਸਾਧੂ ਨੇ ਕਿਹਾ, "ਬਾਦਸ਼ਾਹੋ, ਬਹੁਤ ਬਹੁਤ ਜੀ ਆਇਆਂ ਨੂੰ।ਪਰ ਮੈਂ ਤੁਹਾਥੋਂ ਦਾਨ ਕਦੇ ਵੀ ਨਹੀਂ ਲਿਆ ਅਤੇ ਨਾ ਹੀ ਅੱਗੇ ਵਾਸਤੇ ਕਦੇ ਲੈਣ ਆਵਾਂਗਾ।"

ਸਾਧੂ ਦੀ ਇਹ ਗੱਲ ਸੁਣ ਕੇ ਰਾਜਾ ਹੈਰਾਨ ਹੋ ਗਿਆ। ਉਸਨੇ ਹੈਰਾਨੀ ਭਰੇ ਲਹਿਜ਼ੇ ਵਿੱਚ ਹੀ ਸਾਧੂ ਨੂੰ ਪੁੱਛਿਆ, "ਦੂਰ-ਦੂਰ ਤੋਂ ਸਾਧੂ ਮੇਰੇ ਕੋਲੋਂ ਦਾਨ ਲੈ ਕੇ ਜਾਂਦੇ ਹਨ। ਤੁਸੀਂ ਕਿਉਂ ਨਹੀਂ ਆਉਂਦੇ?"ਸਾਧੂ ਨੇ ਕਿਹਾ,"ਬਾਦਸ਼ਾਹੋਂ, ਮੈਂ ਸਿਰਫ਼ ਉਹਨਾਂ ਲੋਕਾਂ ਦਾ ਹੀ ਦਾਨ ਸਵੀਕਾਰ ਕਰਦਾ ਹਾਂ,ਜਿਹੜੇ ਦਸਾਂ ਨਹੁੰਆਂ ਦੀ ਕਿਰਤ-ਕਮਾਈ ਕਰਦੇ ਹਨ। ਤੁਸੀਂ ਤਾਂ ਖ਼ੁਦ ਲੋਕਾਂ ਦੀ ਕਮਾਈ 'ਤੇ ਪਲਦੇ ਹੋ।"ਰਾਜਾ ਸਾਧੂ ਦੀ ਇਹ ਗੱਲ ਸੁਣ ਕੇ ਸੋਚੀਂ ਪੈ ਗਿਆ।ਸਾਧੂ ਨੇ ਆਪਣੀ ਗੱਲ ਅੱਗੇ ਤੋਰਦਿਆਂ ਰਾਜੇ ਨੂੰ ਆਖਿਆ,"ਬਾਦਸ਼ਾਹੋ ਜੇ ਕਿਤੇ ਤੁਸੀਂ ਹੱਥੀਂ ਮਿਹਨਤ ਕਰਕੇ ਕਮਾਈ ਕੀਤੀ ਤਾਂ ਦੱਸਣਾ, ਉਸ ਵਿਚੋਂ ਮੈਂ ਤੁਹਾਡਾ ਦਾਨ ਜ਼ਰੂਰ ਸਵੀਕਾਰ ਕਰਾਂਗਾ।"ਰਾਜਾ ਉਥੋਂ ਚਲਾ ਗਿਆ। ਸਾਰੀ ਰਾਤ ਸੌਂ ਨਾ ਸਕਿਆ, ਸਾਧੂ ਦੁਆਰਾ ਆਖੀ ਦਸਾਂ ਨਹੁੰਆਂ ਵਾਲੀ ਕਿਰਤ ਬਾਰੇ ਸੋਚਦਾ ਰਿਹਾ। ਸੋਚ-ਸੋਚ ਕੇ ਆਖਰ ਉਹ ਮੂੰਹਨੇਰ੍ਹੇ ਉੱਠਿਆ। ਇੱਕ ਕੁਹਾੜੀ ਆਪਣੇ ਹੱਥ ਵਿੱਚ ਲਈ ਤੇ ਜੰਗਲਾਂਵੱਲ ਨਿਕਲ ਤੁਰਿਆ।

ਜੰਗਲ ਵਿੱਚ ਜਾ ਕੇ ਉਸਨੇ ਸ਼ਾਮ ਤੱਕ ਸੁੱਕੀਆਂ ਲੱਕੜਾਂ ਕੱਟੀਆਂ ਲੱਕੜਾਂ ਕੱਟਦਿਆਂ। ਉਸਦੇ ਹੱਥਾਂ ਉਪਰ ਛਾਲੇ ਹੋ ਚੁੱਕੇ ਸਨ।ਬਹੁਤ ਮੁਸ਼ਕਲ ਨਾਲ ਉਸਨੇ ਲੱਕੜਾਂ ਸਿਰ ਉਪਰ ਚੁੱਕੀਆਂ ਤੇ ਸ਼ਹਿਰ ਵਿਚ ਵੇਚਣ ਆ ਗਿਆ।

ਲੱਕੜਾਂ ਵੇਚ ਕੇ ਉਹ ਸਿੱਧਾ ਉਸ ਸਾਧੂ ਦੇ ਕੋਲ ਗਿਆ। ਲੱਕੜਾਂ ਵੇਚਕੇ ਕਮਾਏ ਹੋਏ ਪੈਸੇ ਸਾਧੂ ਦੇ ਅੱਗੇ ਰੱਖ ਦਿੱਤੇ ਤੇ ਕਹਿਣ ਲੱਗਾ, "ਲਓ ਮਹਾਰਾਜ ਇਹ ਕਮਾਈ ਮੇਰੇ ਦਸਾਂ ਨਹੁੰਆਂ ਦੀ ਹੈ।" ਸਾਧੂ ਨੇ ਖੁਸ਼ ਹੋ ਕੇ ਰਾਜੇ ਵੱਲ

ਵੇਖਿਆਤੇ ਫਿਰ ਕਿਹਾ, “ਬਹੁਤ ਖ਼ੁਸ਼ੀ ਦੀ ਗੱਲ ਹੈ, ਪਰ ਪੈਸੇ ਅਸੀਂ ਸਾਧੂਆਂ ਨੇ ਕੀ ਕਰਨੇ ਹੁੰਦੇ ਨੇ। ਤੁਸੀਂ ਇਹਨਾਂ ਪੈਸਿਆਂ ਦਾ ਅਨਾਜ ਲੈ ਕੇ ਭੇਜ ਦੇਣਾ, ਮੈਂ ਵੀ ਖਾਵਾਂਗਾ ਤੇ ਪੰਛੀਆਂ ਨੂੰ ਵੀ ਖਵਾਵਾਂਗਾ।”

ਰਾਜੇ ਨੇ ਉਹਨਾਂ ਪੈਸਿਆਂ ਦੀ ਕਣਕ ਲੈ ਕੇ ਭੇਜ ਦਿੱਤੀ। ਸਾਧੂ ਨੇ ਉਹ ਕਣਕ ਆਪਣੀ ਕੁਟੀਆ ਦੇ ਪਿਛਲੇ ਪਾਸੇ ਖਿਲਾਰ ਦਿੱਤੀ। ਇਸ ਵਿਚੋਂ ਕੁਝ ਦਾਣੇ ਤਾਂ ਪੰਛੀਆਂ ਨੇ ਚੁਗ ਲਏ ਤੇ ਕੁਝ ਮੀਂਹ ਹਨੇਰੀ ਆਉਣ ਨਾਲ ਮਿੱਟੀ ਹੇਠ ਦੱਬੇ ਗਏ।

ਕੁਝ ਦਿਨਾਂ ਦੇ ਬਾਅਦ ਸਾਧੂ ਦੀ ਕੁਟੀਆ ਦੇ ਪਿੱਛੇ ਸੋਨੇ ਦੀਆਂ ਪੱਤੀਆਂ ਵਾਲੇ ਪੌਦੇ ਉਗ ਆਏ। ਸਾਧੂ ਨੇ ਉਹ ਪੱਤੀਆਂ ਸੁਨਿਆਰੇ ਨੂੰ ਵੇਚ ਕੇ ਉਸ ਤੋਂ ਧਨ ਲਿਆਂਦਾ ਤੇ ਫਿਰ ਉਸ ਧਨ ਨਾਲ ਇਕ ਖੂਹ ਖੁਦਵਾ ਦਿੱਤਾ। ਇਸ ਖੂਹ ਤੋਂ ਆਉਂਦੇ-ਜਾਂਦੇ ਰਾਹੀ ਪਾਣੀ ਪੀਂਦੇ। ਪੌਦਿਆਂ ਵਿੱਚੋਂ ਰੋਜ਼ ਹੀ ਸੋਨੇਦੀਆਂ ਪੱਤੀਆਂ ਨਿਕਲਣ ਲੱਗ ਪਈਆਂ। ਸਾਧੂ ਰੋਜ਼ ਪੱਤੀਆਂ ਤੋੜਦਾ,ਸੁਨਿਆਰੇ ਕੋਲ ਵੇਚਦਾ, ਧਨ ਲਿਆਉਂਦਾ ਤੇ ਫਿਰ ਧਨ ਨੂੰ ਲੋਕ ਭਲਾਈ ਦੇ ਕੰਮਾਂ ਵਿੱਚ ਲਾ ਦਿੰਦਾ। ਉਸਨੇ ਕਈ ਧਰਮਸ਼ਾਲਾਵਾਂ ਬਣਵਾ ਦਿੱਤੀਆਂ, ਕਈ ਥਾਂਵਾਂ ਉੱਤੇ ਭੁੱਖੇ ਮੁਸਾਫ਼ਰਾਂ ਲਈ ਭੋਜਨ ਦਾ ਪ੍ਰਬੰਧ ਕਰਵਾ ਦਿੱਤਾ।

ਜਦੋਂ ਇਹਨਾਂ ਕੰਮਾਂ ਦਾ ਰਾਜੇ ਨੂੰ ਪਤਾ ਲੱਗਿਆ ਤਾਂ ਉਸਨੇ ਕੰਮਾਂ ਦੀ ਛਾਣਬੀਣ ਕਰਨ ਲਈ ਪਹਿਲਾਂ ਆਪਣੇ ਵਜ਼ੀਰ ਭੇਜੇ।ਫਿਰ ਖ਼ੁਦ ਵੇਖਣ ਗਿਆ। ਸਭ ਕੁਝ ਵੇਖ ਕੇ ਉਸ ਸਾਧੂ ਦੇ ਕੋਲ ਆਇਆ ਤੇ ਪੁੱਛਣ ਲੱਗਾ,“ਸਾਧੂ ਮਹਾਰਾਜ ਇਹ ਸਾਰਾ ਕੁਝ ਕਿਹੜੀ ਕਰਾਮਾਤ ਨਾਲ ਹੋ ਰਿਹਾ ਹੈ?” ਸਾਧੂ ਨੇ ਕਿਹਾ, “ਬਾਦਸ਼ਾਹੋ! ਇਹ ਸਭ ਤੁਹਾਡੀ ਕਿਰਤ ਕਮਾਈ ਦੀ ਹੀ ਕਰਾਮਾਤ ਹੈ।”

ਰਾਜੇ ਨੇ ਫਿਰ ਹੈਰਾਨ ਹੋ ਕੇ ਪੁੱਛਿਆ, “ਪਰ ਮੈਂ ਤਾਂ ਏਨਾ ਧਨ ਕਿਸੇ ਨੂੰ ਨਹੀਂ ਦਿੱਤਾ, ਜਿਸ ਨਾਲ ਏਨੀ ਉਸਾਰੀ ਕਰਵਾਈ ਜਾ ਸਕੇ, ਏਨਾ ਭੋਜਨ ਖੁਆਇਆ ਜਾ ਸਕੇ।” ਸਾਧੂ ਨੇ ਕਿਹਾ, “ਤੁਹਾਡੀ ਨੇਕ ਨੀਅਤ ਨਾਲ ਦਾਨ ਕੀਤੀ

ਦਸਾਂ ਨਹੁੰਆਂ ਦੀ ਕਮਾਈ ਦਾ ਹੀ ਵਾਧਾ ਹੋ ਰਿਹਾ।" ਰਾਜੇ ਨੇ ਕਿਹਾ,"ਪਰ ਇਹੋ ਜਿਹੀ ਕਮਾਈ ਤਾਂ ਬਹੁਤ ਕਰਦੇ ਹਨ, ਉਹਨਾਂ ਕੋਲ ਤਾਂ ਇਸ ਤਰ੍ਹਾਂ ਧਨ ਦਾ ਵਾਧਾ ਹੁੰਦਾ ਵੇਖਿਆ ਨਹੀਂ।"

"ਤੁਹਾਡੀ ਗੱਲ ਵੀ ਠੀਕ ਹੈ, ਬਾਦਸ਼ਾਹ ਸਲਾਮਤ, ਪਰ ਯਾਦ ਰੱਖੋ ਹਰ ਕਮਾਈ ਦੇ ਪਿੱਛੇ ਲਾਲਚ ਛੁਪਿਆ ਹੁੰਦਾ ਹੈ, ਸਵਾਰਥ ਛੁਪਿਆ ਹੁੰਦਾ ਹੈ, ਹਰ ਕੋਈ ਸਵਾਰਥ ਲਈ ਹੀ ਆਪਣੇ ਹੱਡ ਭੰਨਦਾ ਹੈ। ਦਾਨ ਦੀ ਗੱਲ ਤਾਂ ਬਹੁਤ ਦੂਰ ਹੈ, ਦਾਨ ਕਰਨ ਦੀ ਭਾਵਨਾ ਨਾਲ ਕਮਾਈ ਕਰਨ ਵਾਲਾ ਵੀ ਵਿਰਲਾ ਹੀ ਹੁੰਦਾ ਹੈ। ਜੇ ਕੋਈ ਕਰੇ ਵੀ ਤਾਂ ਦਾਨ ਦੇਣ ਪਿੱਛੇ ਵੀ ਕੋਈ ਨਾ ਕੋਈ ਲਾਲਸਾ ਛੁਪਾਈ ਰੱਖਦਾ ਹੈ। ਦਾਨ ਕਰਕੇ ਕੋਈ ਸਵਰਗ ਜਾਣ ਦੀ ਲਾਲਸਾ ਰੱਖਦਾ, ਕੋਈ ਕੁਝ ਹੋਰ ਵੱਡੀਆਂ ਪ੍ਰਾਪਤੀਆਂ ਕਰਨੀਆਂ ਚਾਹੁੰਦਾ, ਕੋਈ ਵੱਡੇ ਸਨਮਾਨ ਲੈਣੇ ਚਾਹੁੰਦਾ, ਏਥੇ ਕੋਈ ਨਿਸ਼ਕਾਮ ਭਾਵਨਾ ਨਾਲ ਦਾਨ ਨਹੀਂ ਕਰਦਾ।"

ਰਾਜਾ ਸਾਧੂ ਦੀ ਗੱਲ ਸਮਝ ਤਾਂ ਗਿਆ ਪਰ ਉਸ ਦਾ ਚੰਚਲ ਮਨ ਅਜੇ ਵੀ ਸ਼ੱਕ ਕਰ ਰਿਹਾ ਸੀ। ਉਹ ਇਹੀ ਸੋਚੀ ਜਾ ਰਿਹਾ ਸੀ ਕਿ ਸਾਧੂ ਕੋਲ ਜ਼ਰੂਰ ਕੋਈ ਜਾਦੂ ਹੋਵੇਗਾ ਜਾਂ ਕਰਾਮਾਤ ਹੋਵੇਗੀ। ਉਹ ਕੁਟੀਆ ਪਿੱਛੇ ਗਿਆ ਤੇ ਸੋਨੇਦੀਆਂ ਪੱਤੀਆਂ ਵਾਲੇ ਪੌਦਿਆਂ ਦੀਆਂ ਜੜ੍ਹਾਂ ਫਰੋਲਣ ਲੱਗਾ।

ਅਜੇ ਉਸ ਨੇ ਦੋ ਚਾਰ ਪੌਦੇ ਹੀ ਪੁੱਟ ਕੇ ਵੇਖੇ ਸਨ ਕਿ ਬਾਕੀ ਦੇ ਪੌਦੇ ਅਲੋਪ ਹੋਣੇ ਸ਼ੁਰੂ ਹੋ ਗਏ। ਸਾਰੇ ਪੌਦੇ ਧਰਤੀ ਹੇਠ ਡੂੰਘੇ ਚਲੇ ਗਏ।ਉਹਨਾਂ ਦਾ ਫ਼ਲ ਧਰਤੀ ਹੇਠਾਂ ਹੀ ਵਧਣ ਲੱਗ ਪਿਆ। ਇਹ ਫ਼ਲ ਏਨਾ ਵਧਿਆ ਕਿ ਧਰਤੀ ਹੇਠ ਸੋਨੇ ਦੀਆਂ ਵੱਡੀਆਂ-ਵੱਡੀਆਂ ਖਾਣਾਂ ਬਣ ਗਈਆਂ।ਹੁਣ ਜਦੋਂ ਮਨੁੱਖ ਨੂੰ ਸੋਨਾ ਚਾਹੀਦਾ ਹੁੰਦਾ ਹੈ ਤਾਂ ਉਹਨਾਂ ਖਾਣਾਂ ਵਿੱਚੋ ਕੱਢ ਲੈਂਦਾ।

# ਬੁਰਾ ਬੋਲਣ ਵਾਲਿਆਂ ਨੂੰ ਸਬਕ

ਇੱਕ ਮਹਾਤਮਾ ਇੱਕ ਨਗਰ ਵਿਚ ਉਪਦੇਸ਼ ਦੇਣ ਰੁਕੇ।ਉਹਨਾਂ ਦਾ ਸੱਚਾ-ਸੁੱਚਾ ਉਪਦੇਸ਼ ਸੁਣ ਕੇ ਨਗਰ ਦੇ ਲੋਕ ਬਹੁਤ ਖ਼ੁਸ਼ ਹੋਏ।ਉਹਨਾਂ ਨੇ ਆਪਣੇ ਘਰਾਂ ਤੋਂ ਬਹੁਤ ਸਾਰਾ ਖਾਣ-ਪੀਣ ਦਾ ਸਮਾਨ ਲਿਆ ਕੇ ਮਹਾਤਮਾ ਦੀ ਸੇਵਾ ਵਿਚ ਪੇਸ਼ ਕੀਤਾ। ਬਹੁਤ ਸਾਰੇ ਲੋਕ ਮਠਿਆਈਆਂ ਦੇ ਥਾਲ ਭਰ ਕੇ ਲਿਆਏ। ਮਹਾਤਮਾ ਨੇ ਸਭਨਾਂ ਨੂੰ ਆਪਣੇ ਪਾਸ ਬਿਠਾ ਕੇ ਕਿਹਾ,“ਓ ਭਲੇ ਪੁਰਸ਼ੋ, ਅਸੀਂ ਤਾਂ ਬਹੁਤ ਥੋੜ੍ਹਾ ਭੋਜਨ ਖਾ ਕੇ, ਗੁਜ਼ਾਰਾ ਕਰਦੇ ਹਾਂ। ਏਨੀਆਂ ਮਠਿਆਈਆਂ, ਏਨਾ ਖਾਣ-ਪੀਣ ਦਾ ਸਾਮਾਨ ਸਾਡੇ ਕਿਸ ਕੰਮ?”

ਲੋਕਾਂ ਨੇ ਕਿਹਾ, “ਮਹਾਤਮਾ ਜੀ, ਅਸੀਂ ਤਾਂ ਬਹੁਤ ਰੀਝ ਨਾਲ ਇਹ ਖਾਣੇ ਤੇਮਠਿਆਈਆਂ ਤਿਆਰ ਕਰਕੇ ਲਿਆਏ ਹਾਂ। ਜੇ ਹੁਣ ਏਨਾ ਕੁਝ ਨਹੀਂ ਖਾਧਾ ਜਾਣਾ ਤਾਂ ਨਾਲ ਲੈ ਜਾਓ, ਤੁਸੀਂ ਅਜੇ ਬਹੁਤ ਸਫ਼ਰ ਕਰਨਾ ਹੋਵੇਗਾ, ਰਸਤੇ ਵਿੱਚ ਭੁੱਖ ਲੱਗੀ ਤਾਂ ਛਕ ਲੈਣਾ।” ਮਹਾਤਮਾ ਨੇ ਕਿਹਾ,

“ਪੱਲੇ ਰਿਜ਼ਕ ਨਾ ਬੰਨ੍ਹਦੇ ਪੰਛੀ ਤੇ ਦਰਵੇਸ਼,

ਜਿਨ੍ਹਾਂ ਆਸਰਾ ਰੱਬ ਦਾ, ਓਹਨਾਂ ਰਿਜ਼ਕ ਹਮੇਸ਼।"

ਇਹ ਆਖ ਕੇ ਮਹਾਤਮਾ ਉਥੋਂ ਜਾਣ ਲੱਗੇ। ਜਾਂਦੇ-ਜਾਂਦੇ ਆਖ ਗਏ,"ਇਹ ਸਾਰੇ ਖਾਣ-ਪੀਣ ਦੇ ਪਦਾਰਥ ਤੇ ਮਠਿਆਈਆਂ ਆਪਸ ਵਿਚ ਵੰਡ ਕੇ ਖਾ ਲਵੋ।"

ਉਹ ਮਹਾਤਮਾ ਅਗਲੇ ਪਿੰਡ ਚਲੇ ਗਏ।ਓਥੇ ਜਾ ਕੇ ਉਹਨਾਂ ਨੇ ਅਜੇ ਉਪਦੇਸ਼ ਦੇਣੇ ਸ਼ੁਰੂ ਹੀ ਕੀਤੇ ਸਨ, ਲੋਕਾਂ ਨੇ ਸ਼ੋਰ ਮਚਾਉਣਾ ਸ਼ੁਰੂ ਕਰ ਦਿੱਤਾ। ਇਹ ਸਾਰੇ ਲੋਕ ਈਰਖਾ, ਗੁੱਸੇ ਤੇ ਸਾੜੇ ਨਾਲ ਭਰੇ ਹੋਏ ਸਨ। ਜਦੋਂ ਮਹਾਤਮਾਨੇ ਸੱਚ ਬੋਲਣ, ਸ਼ਾਂਤੀ ਨਾਲ ਰਹਿਣ ਅਤੇ ਉੱਚੇ-ਸੁੱਚੇ ਗੁਣ ਧਾਰਨ ਕਰਨ ਦਾ ਉਪਦੇਸ਼ ਦਿੱਤਾ ਤਾਂ ਕੁਝ ਲੋਕਾਂ ਨੇ ਉਹਨਾਂ ਨੂੰ ਗਾਲਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ।ਮਹਾਤਮਾ ਚੁੱਪ ਕਰ ਗਏ। ਗਾਲ੍ਹਾਂ ਕੱਢ ਰਹੇ ਲੋਕਾਂ ਵੱਲ ਵੇਖਣ ਲੱਗੇ। ਲੋਕਾਂ ਨੇ ਹੋਰ ਜ਼ੋਰ ਦੀ, ਉੱਚੀ-ਉੱਚੀ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ।

ਓਥੇ ਕੁਝ ਲੋਕ ਅਜਿਹੇ ਸਨ, ਜੋ ਕੁਝ ਵੀ ਨਹੀਂ ਬੋਲ ਰਹੇ ਸਨ। ਉਹ ਸਭ ਕੁਝ ਦੇਖ ਰਹੇ ਸਨ। ਜਦੋਂ ਗਾਲ੍ਹਾਂ ਕੱਢਣ ਵਾਲੇ ਲੋਕ ਬੋਲ-ਬੋਲ ਕੇ ਥੱਕ ਗਏ ਤਾਂ ਉਹਨਾਂ ਨੇ ਮਹਾਤਮਾ ਨੂੰ ਪੁੱਛਿਆ,"ਮਹਾਤਮਾ ਜੀ, ਇਹਨਾਂ ਲੋਕਾਂ ਨੇ ਤੁਹਾਨੂੰ ਏਨੀਆਂ ਬੁਰੀਆਂ ਗਾਲ੍ਹਾਂ ਕੱਢੀਆਂ, ਪਰ ਤੁਸੀਂ ਕੁਝ ਵੀ ਨਹੀਂ ਬੋਲੇ, ਤੁਸੀਂ ਅੱਗੋਂ ਕੋਈ ਜਵਾਬ ਕਿਉਂ ਨਹੀਂ ਦਿੱਤਾ?"

ਮਹਾਤਮਾ ਨੇ ਕਿਹਾ,"ਪਹਿਲਾਂ ਤੁਸੀਂ ਮੇਰੀ ਇੱਕ ਗੱਲ ਦਾ ਜੁਆਬ ਦਿਓ, ਤੁਹਾਨੂੰ ਆਪਣੇ ਪ੍ਰਸ਼ਨ ਦਾ ਜਵਾਬ ਸੁਤੇਸਿਧ ਹੀ ਮਿਲ ਜਾਵੇਗਾ।"

ਇਹ ਸੁਣ ਕੇ ਉਹ ਸਾਰੇ ਉਤਸੁਕਤਾ ਨਾਲ ਮਹਾਤਮਾ ਵੱਲ ਦੇਖਣ ਲੱਗੇ।

ਮਹਾਤਮਾ ਨੇ ਕਿਹਾ, “ਪਿਛਲੇ ਪਿੰਡ ਮੈਂ ਸੱਚ ਦਾ ਉਪਦੇਸ਼ ਦੇਣ ਲਈ ਰੁਕਿਆ ਸੀ। ਓਥੋਂ ਦੇ ਲੋਕਾਂ ਨੇ ਚੰਗੇ ਖਾਣਿਆਂ ਤੇ ਮਠਿਆਈਆਂ ਦੇ ਥਾਲ ਭਰ ਕੇ ਲਿਆਂਦੇ। ਮੈਂ ਕੁਝ ਵੀ ਨਹੀਂ ਖਾਧਾ। ਤੁਸੀਂ ਦੱਸੋ ਉਹਨਾਂ ਲੋਕਾਂ ਨੇ ਉਹਨਾਂ ਖਾਣਿਆਂ ਦਾ, ਮਠਿਆਈਆਂ ਦਾ ਕੀ ਕੀਤਾ ਹੋਵੇਗਾ ?

ਉਹ ਸਾਰੇ ਬੋਲੇ,“ਉਹ ਸਭ ਕੁਝ ਉਹਨਾਂ ਨੇ ਆਪਸ ਵਿਚ ਵੰਡ ਕੇ ਖਾ ਲਿਆ ਹੋਵੇਗਾ।“ਮਹਾਤਮਾ ਨੇ ਕਿਹਾ,”ਹੁਣ ਇਹ ਦੱਸੋ, ਜਿਹੜੀਆਂ ਗਾਲ੍ਹਾਂ ਇਹਨਾਂ ਨੇ ਮੈਨੂੰ ਭੇਂਟ ਕੀਤੀਆਂ,ਜੇਕਰ ਮੈਂ ਇਹਨਾਂ ਵਿਚੋਂ ਕੋਈ ਵੀ ਸਵੀਕਾਰ ਨਾ ਕਰਾਂ ਤਾਂ ਇਹਨਾਂ ਦਾ ਇਹ ਕੀ ਕਰਨਗੇ ?”

ਇਹ ਸੁਣ ਕੇ ਸਾਰੇ ਚੁੱਪ ਹੋ ਗਏ।

ਮਹਾਤਮਾ ਨੇ ਮੁਸਕਰਾਉਂਦਿਆਂ ਹੋਇਆਂ ਗਾਲ੍ਹਾਂ ਕੱਢਣ ਵਾਲਿਆਂ ਨੂੰ ਕਿਹਾ,“ਓ ਭਾਈ, ਪਿਛਲੇ ਪਿੰਡ ਦੇ ਲੋਕ ਮਠਿਆਈਆਂ ਭੇਂਟ ਕਰਨ ਲਈ ਆਏ ਸਨ,ਮੈਂ ਤਾਂ ਖਾਧੀਆਂ ਨਹੀਂ। ਫਿਰ ਉਹਨਾਂ ਨੇ ਆਪਸ ਵਿਚ ਵੰਡ ਕੇ ਖਾ ਲਈਆਂ ਹੋਣਗੀਆਂ। ਹੁਣ ਤੁਹਾਡੇ ਕੋਲ ਗਾਲ੍ਹਾਂ ਦੇ ਥਾਲ ਭਰੇ ਹਨ, ਇਹ ਸਾਡੇ ਤਾਂ ਕਿਸੇ ਕੰਮ ਨਹੀਂ, ਹੁਣ ਤੁਸੀਂ ਸੋਚ ਲਓ ਇਹਨਾਂ ਦਾ ਕੀ ਕਰਨਾ!”

ਮਹਾਤਮਾ ਦੀ ਇਹ ਗੱਲ ਸੁਣ ਕੇ ਸਾਰਿਆਂ ਦੇ ਬੁੱਲ੍ਹਾਂ ‘ਤੇ ਤਾਲੇ ਲੱਗ ਗਏ।

# ਸਬਰ ਤੇ ਧੀਰਜ ਗਵਾਇਆ
# ਕੁਝ ਵੀ ਹੱਥ ਨਾ ਆਇਆ

ਇੱਕ ਆਜੜੀ ਆਪਣੀਆਂ ਬੱਕਰੀਆਂ ਚਰਾਉਣ ਜਾ ਰਿਹਾ ਸੀ। ਉਹ ਬਹੁਤ ਗੁੱਸੇ ਵਿੱਚ ਅਤੇ ਖਿਝਿਆ ਹੋਇਆ ਨਜ਼ਰ ਆ ਰਿਹਾ ਸੀ। ਆਪਣਾ ਗੁੱਸਾ ਬੱਕਰੀਆਂ ਉੱਤੇ ਕੱਢਦਾ ਹੋਇਆ ਉਹ ਲਗਾਤਾਰ ਬੋਲੀ ਜਾ ਰਿਹਾ ਸੀ :

"ਥੋਨੂੰ ਰੱਬ ਚੁੱਕੇ ਇਹੋ ਜਿਹੀਆਂ ਨੂੰ
ਬਿਮਾਰੀ ਪੈ ਜੇ,
ਮੇਰੇ ਮਗਰੋਂ ਲਹਿ ਜੋ।"

ਕੋਲੋਂ ਲੰਘਦਿਆਂ ਇਕ ਜੋਗੀ ਨੇ ਉਸ ਆਜੜੀ ਨੂੰ ਪੁੱਛਿਆ,

"ਭਰਾਵਾ, ਕਿਉਂ ਇਹਨਾਂ ਬੇਜ਼ੁਬਾਨਾਂ ਨੂੰ ਬਦਅਸੀਸਾਂ ਦਈ ਜਾਨੈਂ?"

ਆਜੜੀ ਨੇ ਗੁੱਸੇ ਵਿੱਚ ਕਿਹਾ,"ਲੋਕਾਂ ਦੀਆਂ ਫ਼ਸਲਾਂ ਵਿਚ ਵੜ ਜਾਂਦੀਆਂ ਨੇ ਤੇ ਮਾਲਕਾਂ ਤੋਂ ਗਾਲ੍ਹਾਂ ਮੈਨੂੰ ਸੁਣਨੀਆਂ ਪੈਂਦੀਆਂ ਨੇ। ਅੱਜ ਮੈਂ ਦੋ ਮਿੰਟ ਪਾਣੀ ਪੀਣ ਰੁਕਿਆ ਤੇ ਇਹ ਮੱਛਰੀਆਂ ਹੋਈਆਂ ਲਾਗੇ ਖੜ੍ਹੀ ਫ਼ਸਲ ਨੂੰ ਮੂੰਹ ਮਾਰਨ ਲੱਗ ਪਈਆਂ।ਫ਼ਸਲ ਦਾ ਮਾਲਕ ਮੇਰੇ ਦੁਆਲੇ ਹੋ ਗਿਆ। ਇਹਨਾਂ ਪਿੱਛੇ ਮੇਰੀ ਰੋਜ਼ ਕਿਤੋਂ ਨਾ ਕਿਤੋਂ ਬੇਇੱਜ਼ਤੀ ਹੁੰਦੀ ਹੈ।

ਆਜੜੀ ਦੀ ਗੱਲ ਸੁਣ ਕੇ ਜੋਗੀ ਨੇ ਕਿਹਾ, "ਭਲਿਆ ਲੋਕਾ, ਤੂੰਆਪਣੀ ਥਾਂ ਸੱਚਾ ਏਂ। ਪਰ ਕਦੇ ਆਪਣੀ ਜ਼ੁਬਾਨ ਵਿੱਚੋਂ ਏਦਾਂ ਦੇ ਬੁਰੇ ਬਚਨ ਨਹੀਂ ਬੋਲੀਦੇ।

ਤੈਨੂੰ ਪਤੈ, ਅੱਠ ਪਹਿਰਾਂ ਦੇ ਦਿਨ ਤੇ ਰਾਤ ਹੁੰਦੇ ਹਨ। ਅੱਠਾਂ ਪਹਿਰਾਂ ਵਿਚ ਬੰਦਾ ਚੌਵੀ ਹਜ਼ਾਰ ਸਵਾਸ ਲੈਂਦਾ ਹੈ। ਚੌਵੀ ਹਜ਼ਾਰ ਸਵਾਸਾਂ ਵਿਚੋਂ ਇਕ ਸਵਾਸ ਅਜਿਹਾ ਹੁੰਦਾ ਹੈ ਜਿਹੜਾ ਸਰਸਵਤੀ ਮਾਂ ਦੇ ਚਰਨਾਂ ਨੂੰ ਛੋਹ ਕੇ ਬਾਹਰ ਆਉਂਦਾ ਹੈ। ਉਸ ਸਾਹ ਨਾਲ ਜਿਹੜੀ ਗੱਲ ਸਾਡੀ ਜ਼ੁਬਾਨ ਵਿਚੋਂ ਨਿਕਲਦੀ ਹੈ, ਉਹ ਪੂਰੀ ਹੋ ਜਾਂਦੀ ਹੈ। ਹੁਣ ਤੂੰ ਸੋਚ ਜਿਹੜੀਆਂ ਬਦਅਸੀਸਾਂਬੱਕਰੀਆਂ ਨੂੰ ਦਈ ਜਾਨੈਂ ਜੇ ਇਹਨਾਂ ਵਿਚੋਂ ਇਕ ਵੀ ਇਹਨਾਂ ਨੂੰ ਲੱਗ ਗਈ ਤਾਂ ਤੇਰਾ ਝੁੱਗਾ ਚੌੜ ਹੋ ਜਾਵੇਗਾ।"

ਇਹ ਸੁਣ ਕੇ ਆਜੜੀ ਇਕ ਦਮ ਘਬਰਾ ਗਿਆ ਤੇ ਜੋਗੀ ਨੂੰ ਕਹਿਣ ਲੱਗਾ,"ਜੋਗੀ ਮਹਾਰਾਜ, ਮੈਂ ਤਾਂ ਗੁੱਸੇ ਵਿੱਚ ਇਹਨਾਂ ਬੱਕਰੀਆਂ ਨੂੰ ਬਹੁਤ ਕੁਝ ਬੋਲ ਬੈਠਾ ਹਾਂ ! ਹਾਏ ! ਇਹੀ ਤਾਂ ਮੇਰੀ ਪੂੰਜੀ ਹਨ, ਜੇ ਇਹਨਾਂ ਨੂੰ ਕੁਝ ਹੋ ਗਿਆ ਤਾਂ ਮੈਂ ਗੁਜ਼ਾਰਾ ਕਿਵੇਂ ਚਲਾਵਾਂਗਾ।"

ਜੋਗੀ ਨੇ ਕਿਹਾ, "ਕੋਈ ਨਾ ਭਗਤਾ ਘਬਰਾ ਨਾ, ਅੱਗੇ ਤੋਂ ਆਪਣੇ ਬੋਲਾਂ ਨੂੰ ਸੁਧਾਰ ਲੈ। ਚੰਗੀਆਂ ਸੋਚਾਂ ਸੋਚਿਆ ਕਰ। ਚੰਗਾ ਬੋਲਿਆ ਕਰ। ਇਉਂ ਤੇਰਾ ਹਰ ਸਾਹ ਸਫ਼ਲ ਹੁੰਦਾ ਰਹੇਗਾ।"

ਜੋਗੀ ਤਾਂ ਇਹ ਆਖ ਕੇ ਚਲਿਆ ਗਿਆ ਪਰ ਆਜੜੀ ਸੋਚੀਂ ਪੈ ਗਿਆ।ਉਹ ਸੋਚ ਰਿਹਾ ਸੀ ਕਿ ਜੇਕਰ ਦਿਨ-ਰਾਤ ਦੇ ਚੌਵੀਂ ਘੰਟਿਆਂ ਵਿਚ ਇਕ ਗੱਲ ਜ਼ਰੂਰ ਪੂਰੀ ਹੋ ਜਾਂਦੀ ਹੈ ਤਾਂ ਕਿਉਂ ਨਾ ਅਜ਼ਮਾ ਕੇ ਵੇਖ ਲਿਆ ਜਾਵੇ। ਉਸ ਨੇ ਸਾਰੀਆਂ ਬੱਕਰੀਆਂ ਇਕ ਚਰਾਂਦ ਵਿਚ ਛੱਡ ਦਿੱਤੀਆਂ ਅਤੇ ਆਪ ਇਕਉੱਚੀ ਥਾਂ 'ਤੇ ਚੜ੍ਹ ਕੇ ਬੈਠ ਗਿਆ। ਉਸਦੇ ਹੱਥ ਵਿਚ ਜਿਹੜੀ ਸੋਟੀ ਸੀ, ਉਸਨੂੰ ਜ਼ਮੀਨ ਦੇ ਨਾਲ ਮਾਰਦਾ ਹੋਇਆ ਆਖਣ ਲੱਗਾ,

"ਸੋਟੀਏ ਸੋਟੀਏ ਸੋਨੇ ਦੀ ਬਣਜਾ ...

ਸੋਟੀਏ ਸੋਟੀਏ ਸੋਨੇ ਦੀ ਬਣਜਾ

ਉਸ ਨੇ ਬਿਨਾਂ ਕੁਝ ਖਾਧੇ ਪੀਤੇ ਇਹ ਰਟ ਲਗਾਈ ਰੱਖੀ। ਉਸ ਨੇ ਸੋਚਿਆ ਕਿ ਦਿਨ ਤੇ ਰਾਤ ਦੇ ਚੌਵੀਂ ਘੰਟਿਆਂ ਵਿਚੋਂ ਪਤਾ ਨਹੀਂ ਕਿਹੜੇ ਪਲ ਗੱਲ ਪੂਰੀ ਹੋ ਜਾਏ। ਜਦੋਂ ਪੂਰਾ ਦਿਨ ਗੁਜ਼ਰ ਗਿਆ ਤੇ ਰਾਤ ਵੀ ਕਾਫ਼ੀ ਬੀਤ ਗਈ ਤਾਂ ਉਹ ਸੋਚਣ ਲੱਗਾ ਪਤਾ ਨਹੀਂ ਗੱਲ ਪੂਰੀ ਹੋਣੀ ਹੈ ਜਾਂ ਨਹੀਂ ਕਿਤੇ ਜੋਗੀ ਐਵੇਂ ਹੀ ਨਾ ਆਖ ਗਿਆ ਹੋਵੇ।

ਆਜੜੀ ਦਾ ਭੁੱਖ ਨਾਲ ਬੁਰਾ ਹਾਲ ਹੋ ਰਿਹਾ ਸੀ ਪਰ ਉਸਨੇ ਪਾਣੀ ਵੀ ਨਾ ਪੀਤਾ, ਹਰ ਸਾਹ ਨਾਲ ਇਹੀ ਕਹਿੰਦਾ ਰਿਹਾ :

ਸੋਟੀਏ ਸੋਟੀਏ ਸੋਨੇ ਦੀ ਬਣਜਾ...

ਸੋਟੀਏ ਸੋਟੀਏ ਸੋਨੇ ਦੀ ਬਣਜਾ...

ਪਰ ਇਹ ਰੱਟ ਲਾਉਂਦਾ-ਲਾਉਂਦਾ ਉਹ ਪੂਰੀ ਤਰ੍ਹਾਂ ਅੱਕ ਚੁੱਕਾ ਸੀ। ਅਖ਼ੀਰ ਉਸਨੇ ਗੁੱਸੇ ਵਿਚ ਆ ਕੇ ਸੋਟੀ ਨੂੰ ਵਗਾਹ ਕੇ ਮਾਰਦਿਆਂ ਕਿਹਾ,

"ਖ਼ਸਮਾਂ ਖਾਣੀਏ, ਸੋਨੇ ਦੀ ਤਾਂ ਤੂੰ ਕੀ ਬਣਨਾ,

ਲੋਹੇ ਦੀ ਹੀ ਬਣਕੇ ਵਿਖਾ ਦੇ

ਉਸੇ ਵੇਲੇ ਉਹ ਸੋਟੀ ਲੋਹੇ ਦੀ ਬਣ ਗਈ। ਆਜੜੀ ਮੱਥੇ 'ਤੇ ਹੱਥ ਮਾਰਕੇ ਰੋਣ ਲੱਗਾ, "ਹਾਏ ਓ ਰੱਬਾ! ਥੋੜ੍ਹਾ ਜਿਹਾ ਮੈਂ ਹੋਰ ਸਬਰ ਕਰ ਲੈਂਦਾ। ਜਦੋਂ ਸਰਸਵਤੀ ਮਾਤਾ ਦਾ ਜ਼ੁਬਾਨ 'ਤੇ ਆਉਣ ਦਾ ਸਮਾਂ ਹੋਇਆ ਓਦੋਂ ਮੈਂ ਕੀ ਮੰਗ ਬੈਠਾ।"

# ਗਿੱਦੜ ਦੀ ਚਲਾਕੀ, ਸ਼ੇਰ ਦੀ ਨਲਾਇਕੀ

ਇੱਕ ਜੰਗਲ ਵਿਚ ਬਹੁਤ ਹੀ ਚਲਾਕ ਤੇ ਲਾਪਰਵਾਹ ਗਿੱਦੜ ਰਹਿੰਦਾ ਸੀ। ਉਸਦੀ ਗਿੱਦੜੀ ਕਈ ਵਾਰ ਉਸਨੂੰ ਘੁਰਨਾ ਬਣਾਉਣ ਲਈ ਆਖ ਚੁੱਕੀ ਸੀ। ਗਿੱਦੜ ਹਰ ਵਾਰ ਟਾਲ ਮਟੋਲ ਕਰ ਛੱਡਦਾ। ਉੱਤੋਂ ਸਿਆਲਾਂ ਦੇ ਦਿਨ ਸ਼ੁਰੂ ਹੋ ਗਏ ਸਨ ਤੇ ਗਿੱਦੜੀ ਨੇ ਬੱਚਿਆਂ ਨੂੰ ਜਨਮ ਦੇਣਾ ਸੀ।

ਇਕ ਦਿਨ ਗਿੱਦੜੀ ਨੇ ਜ਼ੋਰ ਦੇ ਕੇ ਗਿੱਦੜ ਨੂੰ ਕਿਹਾ,

"ਅੱਜ ਤਾਂ ਮੈਨੂੰ ਘੁਰਨਾ ਚਾਹੀਦਾ ਹੀ ਚਾਹੀਦਾ ਹੈ,

ਮੈਂ ਬੱਚਿਆਂ ਨੂੰ ਜਨਮ ਦੇਣਾ ਹੈ।"

ਹਾਲਾਤ ਸਮਝ ਕੇ ਗਿੱਦੜ, ਗਿੱਦੜੀ ਨੂੰ ਇਕ ਸ਼ੇਰ ਦੇ ਘੁਰਨੇ ਕੋਲ ਲੈ ਗਿਆ। ਸ਼ੇਰ ਦੇ ਘੁਰਨੇ ਵੱਲ ਇਸ਼ਾਰਾ ਕਰਕੇ ਉਸਨੇ ਗਿੱਦੜੀ ਨੂੰ ਆਖਿਆ,

"ਇਹ ਸ਼ੇਰ ਦਾ ਘੁਰਨਾ ਵਿਹਲਾ ਹੀ ਰਹਿੰਦਾ ਹੈ, ਸ਼ੇਰ ਮਹੀਨਾ-ਮਹੀਨਾ ਮੁੜਦਾ ਨਹੀਂ। ਬਾਕੀ ਜੇ ਆ ਵੀ ਗਿਆ ਤਾਂ ਮੌਕੇ 'ਤੇ ਕੋਈ ਹੱਲ ਕੱਢ ਲਵਾਂਗੇ।"
ਓਥੇ ਗਿੱਦੜੀ ਨੇ ਚਾਰ ਬੱਚਿਆਂ ਨੂੰ ਜਨਮ ਦਿੱਤਾ। ਇਕ ਦਿਨ ਗਿੱਦੜ ਨੂੰ ਆਖਣ ਲੱਗੀ,"ਮੈਨੂੰ ਡਰ ਲੱਗਦਾ, ਜੇ ਸ਼ੇਰ ਆ ਗਿਆ ਤਾਂ ਉਹ ਆਪਣੇ ਘੁਰਨੇ ਵਿਚ ਬੈਠੇ ਵੇਖ ਕੇ ਸਾਨੂੰ ਖਾ ਜਾਵੇਗਾ।"

ਗਿੱਦੜ ਨੇ ਹੌਸਲਾ ਦਿੰਦਿਆਂ ਕਿਹਾ, “ਮੈਂ ਇਕ ਵਿਉਂਤ ਬਣਾ ਰੱਖੀ ਹੈ।ਮੈਂ ਜਿਵੇਂ ਤੈਨੂੰ ਆਖਾਂਗਾ, ਤੂੰ ਉਸੇ ਤਰ੍ਹਾਂ ਕਰੀਂ ਚੱਲੀਂ। ਗਿੱਦੜ-ਗਿੱਦੜੀ ਨੂੰਸਿਖਾਉਣ ਲੱਗਾ,

“ਜਦੋਂ ਸ਼ੇਰ ਆਉਂਦਾ ਨਜ਼ਰ ਆਇਆ ਉਦੋਂ ਮੈਂ ਝਾੜੀਆਂ ਓਹਲੇ ਲੁਕ-ਜਾਵਾਂਗਾ। ਜਦੋਂ ਸ਼ੇਰ ਨੇੜੇ ਆ ਗਿਆ ਤਾਂ ਮੈਂ ਆਪਣੀ ਆਵਾਜ਼ ਬਦਲ ਕੇ ਤੈਥੋਂ ਪੁੱਛਾਂਗਾ,

‘‘ਸ਼ੇਰਖਾਣੀਏ ਬੱਚੇ ਕਿਉਂ ਰੋਂਦੇ ਹਨ?

ਤੂੰ ਮੈਨੂੰ ਉਸੇ ਵਕਤ ਉੱਚੀ ਸਾਰੀ ਆਖੀਂ,

“ਵੇਂ ਸ਼ੇਰਖਾਣਿਆਂ, ਇਹ ਭੁੱਖੇ ਹਨ, ਸ਼ੇਰ ਦਾ ਸੱਜਰਾ ਮਾਸ ਮੰਗਦੇ ਹਨ।“

ਕੁਝ ਦਿਨਾਂ ਦੇ ਬਾਅਦ ਗਿੱਦੜ ਨੇ ਸ਼ੇਰ ਆਉਂਦਾ ਵੇਖਿਆ।ਉਸਨੇ ਤੁਰੰਤ ਗਿੱਦੜੀ ਨੂੰ ਵੀ ਦੱਸ ਦਿੱਤਾ ਤੇ ਆਪ ਲਾਗੇ ਦੀ ਝਾੜੀ ਓਹਲੇ ਲੁਕ ਕੇ ਬੈਠ ਗਿਆ। ਸ਼ੇਰ ਅਜੇ ਕੁਝ ਦੂਰੀ ‘ਤੇ ਹੀ ਸੀ, ਗਿੱਦੜ ਨੇ ਉੱਚੀ ਸਾਰੀ ਗਿੱਦੜੀਨੂੰ ਪੁੱਛਿਆ,

“ਸ਼ੇਰਖਾਣੀਏ ਆਪਣੇ ਬੱਚੇ ਕਿਉਂ ਰੋ ਰਹੇ ਹਨ? ਗਿੱਦੜੀ ਨੇ ਸਿੱਖਿਆ ਸਿਖਾਇਆ ਉੱਤਰ ਦਿੱਤਾ,

“ਵੇ ਸ਼ੇਰਖਾਣਿਆ, ਇਹ ਭੁੱਖੇ ਹਨ, ਸ਼ੇਰ ਦਾ ਸੱਜਰਾ ਮਾਸ ਮੰਗਦੇ ਹਨ।”

ਗਿੱਦੜ ਨੇ ਫਿਰ ਉੱਚੀ ਸਾਰੀ ਕਿਹਾ,

“ਸ਼ੇਰ ਦਾ ਕੀ ਐ! ਮੈਂ ਹੁਣੇ ਹੀ ਮਾਰ ਕੇ ਲੈ ਆਉਂਦਾ ਹਾਂ।”

ਜਦੋਂ ਇਹ ਗੱਲਾਂ ਸ਼ੇਰ ਦੇ ਕੰਨੀ ਪਈਆਂ ਤਾਂ ਉਹ ਪਿੱਛੇ ਨੂੰ ਭੱਜ ਪਿਆ।

ਡਰ ਨਾਲ ਮੁੜ੍ਹਕੋ-ਮੁੜ੍ਹਕੀ ਹੋਇਆ ਉਹ ਭੱਜਿਆ ਜਾ ਰਿਹਾ ਸੀ। ਰਸਤੇ ਵਿਚ ਉਸਨੂੰ ਇਕ ਗਿੱਦੜ ਮਿਲਿਆ। ਗਿੱਦੜ ਨੇ ਸ਼ੇਰ ਨੂੰ ਰੋਕ ਕੇ ਪੁੱਛਿਆ,

“ਸਰਕਾਰ ਜੀ ਕਿਹੜੀ ਬਿਪਤਾ ਆਣ ਪਈ ਏ ?

ਤੁਹਾਡੇ ਮੱਥੇ ‘ਤੋਂ ਮੁੜ੍ਹਕਾ ਚੋਅ ਰਿਹਾ, ਸਾਹ ਨਾਲ ਸਾਹ ਨਹੀਂ ਰਲਦਾ ਪਿਆ।“

ਸ਼ੇਰ ਨੇ ਸਾਰੀ ਗੱਲ ਗਿੱਦੜ ਨੂੰ ਦੱਸੀ। ਗਿੱਦੜ ਨੇ ਸਾਰੀ ਗੱਲ ਸੁਣ ਕੇ ਕਿਹਾ, "ਬਾਦਸ਼ਾਹੋ, ਜਿੱਥੋਂ ਤਕ ਮੇਰੀ ਸਮਝ ਕੰਮ ਕਰਦੀ ਹੈ, ਇਹੋ ਜਿਹੀਆਂ ਘਤਿੱਤਾਂ ਸਾਡਾ ਭਾਈਚਾਰਾ ਹੀ ਕਰ ਸਕਦਾ। ਇਹ ਜ਼ਰੂਰ ਹੀ ਕਿਸੇ ਚਲਾਕ ਗਿੱਦੜ ਦੀ ਸ਼ਰਾਰਤ ਹੋਣੀ ਏ।"

ਸ਼ੇਰ ਏਨਾ ਡਰਿਆ ਹੋਇਆ ਸੀ ਕਿ ਗਿੱਦੜ ਦੀ ਕੋਈ ਵੀ ਗੱਲ ਸੁਣਨ ਨੂੰ ਤਿਆਰ ਨਹੀਂ ਸੀ। ਜਦੋਂ ਉਹ ਗਿੱਦੜ ਦੀ ਗੱਲ ਅਣਸੁਣੀ ਕਰਕੇ ਉਥੋਂ ਅੱਗੋਂ ਤੁਰਨ ਲੱਗਾ ਤਾਂ ਗਿੱਦੜ ਨੇ ਫਿਰ ਕਿਹਾ, "ਜੇ ਬਹੁਤੀ ਤਸੱਲੀ ਕਰਨੀ ਹੈ ਤਾਂ ਮੈਂ ਤੁਹਾਡੇ ਨਾਲ ਚੱਲਦਾ ਹਾਂ। ਤੁਸੀਂ ਮੇਰੀ ਪੂਛ ਆਵਦੀ ਪੂਛ ਨਾਲ ਬੰਨ੍ਹ ਲਵੋ ਤਾਂ ਜੋ ਮੈਂ ਤੁਹਾਨੂੰ ਕੱਲਿਆਂ ਨੂੰ ਛੱਡ ਕੇ ਭੱਜ ਵੀ ਨਾ ਸਕਾਂ।"

ਸ਼ੇਰ ਗਿੱਦੜ ਦੀ ਇਹ ਗੱਲ ਮੰਨ ਗਿਆ ਦੋਵੇਂ ਵਾਪਸ ਸ਼ੇਰ ਦੇ ਘੁਰਨੇ ਵੱਲ ਤੁਰ ਪਏ।ਓਧਰ ਜਦੋਂ ਘੁਰਨੇ ਕੋਲ ਬੈਠੇ ਗਿੱਦੜ ਨੇ ਗਿੱਦੜ ਨਾਲ ਸ਼ੇਰ ਨੂੰ ਵਾਪਸ ਆਉਂਦਾ ਦੇਖਿਆ ਤਾਂ ਸੋਚਣ ਲੱਗਾ,

"ਉਂਝ ਤਾਂ ਕਾਹਦਾ ਮਰਨਾ ਸੀ, ਹੁਣ ਇਹ ਘਰ ਦਾ ਭੇਤੀ ਮਰਵਾਊਗਾ।"

ਉਸਨੇ ਫ਼ੁਰਤੀ ਤੋਂ ਕੰਮ ਲੈਂਦਿਆਂ ਗਿੱਦੜੀ ਨੂੰ ਚੇਤੰਨ ਕਰਕੇ ਪਹਿਲਾਂ ਵਾਂਗ ਹੀ ਜਵਾਬ ਦੇਣ ਬਾਰੇ ਆਖਿਆ। ਉਹ ਖ਼ੁਦ ਉਸੇ ਤਰ੍ਹਾਂ ਝਾੜੀ ਓਹਲੇ ਲੁਕ ਕੇ ਬੈਠ ਗਿਆ।

ਗਿੱਦੜ ਨੇ ਫਿਰ ਗਿੱਦੜੀ ਨੂੰ ਪੁੱਛਿਆ,

"ਸ਼ੇਰਖਾਣੀਏ ਬੱਚੇ ਕਿਉਂ ਰੋਂਦੇ ਨੇ ??

ਗਿੱਦੜੀ ਨੇ ਉਹੀ ਰਟਿਆ ਉੱਤਰ ਦਿੱਤਾ, "ਵੇ ਸ਼ੇਰਖਾਣਿਆ, ਸ਼ੇਰ ਦਾ ਸੱਜਰਾ ਮਾਸ ਮੰਗਦੇ ਨੇ।"

ਅੱਗੋਂ ਗਿੱਦੜ ਨੇ ਉੱਚੀ ਸਾਰੀ ਕਿਹਾ,

"ਲੈ ਹੁਣੇ ਇਹਨਾਂ ਦੀ ਰੀਝ ਪੂਰੀ ਕਰ ਦਿੰਨੇ ਆਂ, ਔਹ ਮੇਰਾ ਯਾਰ ਗਿੱਦੜ ਲਿਆ ਰਿਹਾ ਆਪਣਾ ਸ਼ਿਕਾਰ ਆਵਦੀ ਪੂਛ ਨਾਲ ਬੰਨ੍ਹ ਕੇ ! ਪਹਿਲਾਂ ਤਾਂ ਭੱਜ ਗਿਆ ਸੀ, ਹੁਣ ਨਹੀਂ ਭੱਜਣ ਦਿੰਦੇ ਆਪਾਂ।"

ਜਦੋਂ ਸ਼ੇਰ ਨੇ ਗਿੱਦੜ ਦੀਆਂ ਇਹ ਗੱਲਾਂ ਸੁਣੀਆਂ, ਉਹ ਉਸੇ ਵੇਲੇ ਹੀ ਘਬਰਾ ਗਿਆ। ਉਸਨੇ ਆਪਣੇ ਨਾਲ ਦੇ ਗਿੱਦੜ ਦੇ ਮੂੰਹ 'ਤੇ ਪੰਜਾ ਮਾਰਿਆ।ਉਸਨੂੰ ਜ਼ਖ਼ਮੀ ਕਰਕੇ ਇਕੋ ਝਟਕੇ ਵਿੱਚ ਹੀ ਉਸਦੀ ਪੂਛ ਤੋੜ ਕੇ, ਓਥੋਂ ਭੱਜ ਨਿਕਲਿਆ ਤੇ ਫਿਰ ਕਦੇ ਵੀ ਉਸ ਘੁਰਨੇ ਦੇ ਨੇੜੇ ਨਾ ਆਇਆ।

# ਲਾਲਚੀ ਤੇ ਸਵਾਰਥੀ ਗਵਾ ਬਹਿੰਦੇ ਨੇ ਦੋਸਤੀ

ਇਕ ਵਾਰ ਦੀ ਗੱਲ ਹੈ ਕਿ ਇੱਕ ਲੂੰਬੜੀ ਅਤੇ ਬਗਲੇ ਦੀ ਦੋਸਤੀ ਹੋ ਗਈ।ਇਹ ਦੋਸਤੀ ਇਉਂ ਹੋਈ ਕਿ ਦੋ ਡੱਡੂ ਲੂੰਬੜੀ ਦੇ ਕੰਨਾਂ 'ਤੇ ਚੜ੍ਹ ਕੇ ਬੈਠ ਗਏ। ਲੂੰਬੜੀ ਨੇ ਡੱਡੂਆਂ ਦੀਆਂ ਬਹੁਤ ਮਿੰਨਤਾ ਕੀਤੀਆਂ; ਤਰਲੇ ਪਾਏ,

"ਡੱਡੂ ਭਰਾਵੋ ਮੇਰੇ ਕੰਨ ਟੁੱਟ ਜਾਣਗੇ ਮੇਰੇ ਕੰਨਾਂ ਤੋਂ ਤੁਹਾਡਾ ਭਾਰ ਸਹਿ ਨਹੀਂ ਹੁੰਦਾ ਮਿੰਨਤ ਨਾਲ ਹੀ ਉਤਰ ਜਾਵੋ"ਪਰ ਡੱਡੂਆਂ ਨੇ ਲੂੰਬੜੀ ਦੀ ਇੱਕ ਨਾ ਸੁਣੀ, ਸਗੋਂ ਉਹ ਖਿੜ-ਖਿੜ ਹੱਸਣ ਲੱਗ ਪਏ ਤੇ ਹੱਸਦੇ-ਹੱਸਦੇ ਗਾਉਣ ਲੱਗ ਪਏ:

ਮਿਲ ਗਈ ਜੀ ਸਾਨੂੰ ਬਿਨਾਂ ਕਿਰਾਇਉਂ ਗੱਡੀ
ਬਿਨਾਂ ਕਿਰਾਇਉਂ ਗੱਡੀ ਮਿਲਜੇ ਫਿਰ ਨਾ ਜਾਏ ਛੱਡੀ
ਮਿਲ ਗਈ ਜੀ ਸਾਨੂੰ ਮਿਲ ਗਈ ਜੀ ਸਾਨੂੰ ਬਿਨਾਂ ਕਿਰਾਇਉਂ ਗੱਡੀ
ਢਿੱਡ ਘਸਾਉਂਦਿਆਂ ਉੱਤੇ ਰੱਬ ਨੇ ਕਿਰਪਾ ਕਰਤੀ ਵੱਡੀ।
ਮਿਲ ਗਈ ਜੀ ਸਾਨੂੰ ਮਿਲ ਗਈ ਜੀ ਸਾਨੂੰ ਬਿਨਾਂ ਕਿਰਾਇਉਂ ਗੱਡੀ
ਹੁਣ ਨਾ ਭੁੰਜੇ ਲੱਗੇ ਸਾਡੀ, ਨਾਲ ਖ਼ੁਸ਼ੀ ਦੇ ਅੱਡੀ।
ਮਿਲ ਗਈ ਜੀ ਸਾਨੂੰ ਮਿਲ ਗਈ ਜੀ ਸਾਨੂੰ ਬਿਨਾਂ ਕਿਰਾਇਉਂ ਗੱਡੀ

ਲੂੰਬੜੀ ਨੇ ਜ਼ੋਰ-ਜ਼ੋਰ ਦੀ ਸਿਰ ਹਿਲਾ ਕੇ ਵੇਖਿਆ, ਬਹੁਤ ਤੇਜ਼ ਦੌੜ ਕੇ ਵੇਖਿਆ ਪਰ ਡੱਡੂ ਹੇਠਾਂ ਨਾ ਡਿੱਗੇ, ਉਹ ਸਗੋਂ ਮਸਤੀ ਵਿੱਚ ਆ ਕੇ ਹੋਰ ਉੱਚੀ ਗਾਉਣ ਲੱਗ ਪਏ:

ਮਿਲ ਗਈ ਜੀ ਸਾਨੂੰ ਬਿਨਾਂ ਕਿਰਾਇਉਂ ਗੱਡੀ...

ਲੂੰਬੜੀ ਥੱਕ ਕੇ ਚੂਰ ਹੋ ਚੁੱਕੀ ਸੀ। ਪਿਆਸ ਬੁਝਾਉਣ ਲਈ ਉਹ ਰਸਤੇ ਵਿੱਚ ਇੱਕ ਛੱਪੜ 'ਤੇ ਰੁਕੀ। ਓਥੇ ਉਸਨੂੰ ਇੱਕ ਬਗਲਾ ਮਿਲਿਆ। ਬਗਲੇ ਨੇ ਉਸਦਾ ਮੂੰਹ ਦੇਖ ਕੇ ਪੁੱਛਿਆ, "ਭੈਣੇ ਲੂੰਬੜੀਏ ਬੜੀ ਉਦਾਸ ਲੱਗਦੀ ਏਂ ? ਕੀ ਬਿਪਤਾ ਆਣ ਪਈ ਏ ਤੇਰੇ 'ਤੇ ?

ਕੋਈ ਮੇਰੇ ਲਾਇਕ ਸੇਵਾ ਹੋਵੇ ਤਾਂ ਦੱਸਣਾ, ਅਸੀਂ ਬਹੁਤ ਚਿਰ ਤੋਂ ਏਸੇ ਛੱਪੜ 'ਤੇ ਰਹਿੰਦੇ ਹਾਂ।

ਇਸ ਰਸਤੇ ਤੋਂ ਲੰਘਣ ਵਾਲੇ ਬਹੁਤ ਸਾਰੇ ਰਾਹੀ, ਪਾਂਧੀ ਸਾਡੇ ਕੋਲ ਆਰਾਮ ਲਈ ਰੁਕਦੇ ਹਨ। ਅਸੀਂ ਜਿੰਨੇ ਜੋਗੇ ਵੀ ਹਾਂ ਰਾਹੀਆਂ, ਪਾਂਧੀਆਂ ਤੇ ਪਰਦੇਸੀਆਂ ਦੀ ਮੱਦਦ ਕਰਕੇ ਖੁਸ਼ ਹੁੰਦੇ ਹਾਂ। ਮੇਰੇ ਪਿਤਾ ਜੀ ਸਾਨੂੰ ਸਭ ਭੈਣਾਂ-ਭਰਾਵਾਂ ਨੂੰ ਇਹ ਮੱਤ ਦਿੰਦੇ ਹੁੰਦੇ ਸਨ :

ਰਾਹੀਆਂ ਦੇ ਜੋ ਦੁੱਖ ਵੰਡਾਵੇ,
ਸੋਈ ਸੱਚੇ ਰੱਬ ਨੂੰ ਭਾਵੇ।
ਬਿਪਤਾ ਵੇਲੇ ਕੰਮ ਜੋ ਆਵੇ,
ਉਹ ਅਸਲੀ ਦੋਸਤ ਅਖਵਾਵੇ।"

ਇਹ ਸੁਣ ਕੇ ਲੂੰਬੜੀ ਨੂੰ ਬਗਲੇ ਤੋਂ ਕੁਝ ਆਸ ਬੱਝ ਗਈ। ਉਸਨੇ ਆਪਣੇ ਕੰਨ ਬਗਲੇ ਨੂੰ ਵਿਖਾਉਂਦਿਆਂ ਕਿਹਾ, "ਦੇਖ ਭਰਾਵਾ ਮੇਰੇ ਕੰਨ ! ਇਹ ਟੁੱਟਣ 'ਤੇ ਆਏ ਹੋਏ ਨੇ, ਇਹਨਾਂ ਚੰਦਰੇ ਡੱਡੂਆਂ ਨੇ ਮੇਰਾ ਬੁਰਾ ਹਾਲ ਕਰ ਦਿੱਤਾ ਹੈ। ਜੇ ਕੁਝ ਕਰ ਸਕਦੈਂ ਤਾਂ ਮੈਨੂੰ ਇਹਨਾਂ ਤੋਂ ਮੁਕਤੀ ਦਿਵਾ ਦੇ।"

ਇਹ ਕਹਿੰਦਿਆਂ ਲੂੰਬੜੀ ਰੋ ਪਈ। ਬਗਲੇ ਨੇ ਉਸਨੂੰ ਹੌਂਸਲਾ ਦਿੰਦਿਆਂ ਕਿਹਾ,"ਤੂੰ ਰੋ ਨਾ, ਮੈਂ ਇਹਨਾਂ ਡਡੋਕੜਿਆਂ ਨੂੰ ਚੰਗੀ ਤਰ੍ਹਾਂ ਜਾਣਦਾਂ, ਇਹਨਾਂ ਦੀ ਨਸਲ ਕਿਵੇਂ ਸੂਤ ਆਉਂਦੀ ਏ, ਮੈਨੂੰ ਪਤਾ।" ਫਿਰ ਉਸਨੇ ਲੂੰਬੜੀ ਵੱਲ ਦੋਸਤੀ ਦਾ ਹੱਥ ਵਧਾਉਂਦਿਆਂ ਕਿਹਾ,

"ਆ ਮੈਂ ਤੈਨੂੰ ਦੋਸਤ ਮੰਨਾਂ,
ਤੇਰੇ ਦੁੱਖ ਦੀ ਗਾਗਰ ਭੰਨਾਂ |
ਡੱਡੂਆਂ ਨੂੰ ਮੈਂ ਪਾਰ ਬੁਲਾਊਂ,
ਤੈਨੂੰ ਸੁਖ ਦਾ ਸਾਹ ਦਿਵਾਊਂ।"

ਇਹ ਸੁਣ ਕੇ ਲੂੰਬੜੀ ਦੀਆਂ ਅੱਖਾਂ ਵਿੱਚੋਂ ਹੰਝੂ ਸੁੱਕ ਗਏ। ਉਹ ਬਗਲੇ ਨੂੰ ਕਹਿਣ ਲੱਗੀ,

"ਪਿਆਰੇ ਬਗਲੇ, ਜੇ ਤੂੰ ਮੈਨੂੰ ਇਸ ਦੁੱਖ ਤੋਂ ਮੁਕਤੀ ਦਿਵਾ ਦੇਵੇਂਗਾ ਤਾਂ ਮੈਂ ਤੇਰੇ ਨਾਲ ਪੱਕੀ ਆੜੀ ਪਾ ਲਵਾਂਗੀ, ਤੇਰੇ ਨਾਲ ਸਾਰੀ ਉਮਰ ਵਰਤਾਂਗੀ।

ਥੋੜ੍ਹੇ ਦਿਨ੍ਹਾਂ ਬਾਅਦ ਹੀ ਤੈਨੂੰ ਆਪਣੇ ਘਰ ਨਿਉਂਤਾ ਦੇਵਾਂਗੀ, ਤੈਨੂੰ ਸ਼ਾਨਦਾਰ ਭੋਜਨ ਕਰਾਵਾਂਗੀ।"

ਵਿੰਹਦਿਆਂ-ਵਿੰਹਦਿਆਂ ਹੀ ਬਗਲੇ ਨੇ ਦੋਹਾਂ ਡੱਡੂਆਂ ਨੂੰ ਆਪਣੀ ਚੁੰਝ ਵਿੱਚ ਭਰਿਆ ਤੇ ਦੋਹਾਂ ਨੂੰ ਹੀ ਡਕਾਰ ਗਿਆ। ਲੂੰਬੜੀ ਬਗਲੇ ਦਾ ਧੰਨਵਾਦ ਕਰਕੇ ਉਥੋਂ ਚਲੀ ਗਈ। ਹੁਣ ਬਗਲਾ ਉਸਦੀ ਦਾਅਵਤ ਉਡੀਕਣ ਲੱਗਾ।ਪਰ ਲੂੰਬੜੀ ਨੇ ਤਾਂ ਆਪਣੇ ਸਾਰੇ ਵਾਅਦਿਆਂ ਦਾ ਚੇਤਾ ਹੀ ਭੁਲਾ ਦਿੱਤਾ।ਬਗਲੇ ਨੇ ਇਕ ਦਿਨ ਉਹਨੂੰ ਕਾਂ ਰਾਹੀਂ ਸੁਨੇਹਾ ਭੇਜਿਆ, "ਲੂੰਬੜੀ ਜੀ ਮੈਨੂੰਭੋਜਨ 'ਤੇ ਕਦੋਂ ਬੁਲਾਇਆ ਜਾ ਰਿਹਾ ਹੈ?" ਪਰ ਇੰਨੇ ਚਿਰ ਨੂੰ ਲੂੰਬੜੀ ਬਗਲੇ ਦਾ ਸਾਰਾ ਅਹਿਸਾਨ ਭੁੱਲ ਚੁੱਕੀ ਸੀ। ਉਸਨੇ ਅਣਮੰਨੇ ਜਿਹੇ ਮਨ ਨਾਲ ਸ਼ਰਮੋ-ਸ਼ਰਮੀ ਬਗਲੇ ਨੂੰ ਭੋਜਨ 'ਤੇ ਬੁਲਾ ਲਿਆ।

ਲੂੰਬੜੀ ਨੇ ਦੇਸੀ ਘਿਓ ਪਾ ਕੇ, ਦੁੱਧ ਪਾ ਕੇ ਮਿੱਠੀਆਂ ਸੇਵੀਆਂ ਬਣਾਈਆਂ।

ਇੱਕ ਚੌੜੀ ਪਲੇਟ ਵਿਚ ਪਾ ਕੇ ਰੱਖ ਦਿੱਤੀਆਂ ਤੇ ਬਗਲੇ ਨੂੰ ਕਿਹਾ,"ਆ ਦੋਸਤ ਆਪਾਂ ਇਕੱਠੇ ਸੇਵੀਂਆਂ ਖਾਈਏ।"

ਲੂੰ ਬੜੀ ਵੱਡੇ-ਵੱਡੇ ਬੁਰਕ ਭਰਕੇ ਸੇਵੀਂਆਂ ਖਾਣ ਲੱਗੀ ਪਰ ਬਗਲਾ ਵਿਚਾਰਾ ਜਦੋਂ ਵੀ ਚੁੰਝ ਵਿਚ ਸੇਵੀਆਂ ਭਰਨ ਦੀ ਕੋਸ਼ਿਸ਼ ਕਰਦਾ ਉਦੋਂ ਹੀ ਉਹ ਤਿਲਕ ਕੇ ਪਾਸੇ ਹੋ ਜਾਂਦੀਆਂ। ਹਰ ਵਾਰ ਚੁੰਝ ਪਲੇਟ ਨਾਲ ਵੱਜਦੀ।ਉਹ ਵਿਚਾਰਾ ਚੁੰਝ ਭਨਾਉਣ ਜੋਗਾ ਰਹਿ ਗਿਆ। ਭੋਰਾ ਵੀ ਸੇਵੀਂਆਂ ਨਾ ਖਾਸਕਿਆ। ਦੂਜੇ ਪਾਸੇ ਲੂੰਬੜੀ ਨੇ ਵਿੰਹਦਿਆਂ-ਵਿੰਹਦਿਆਂ ਹੀ ਸਾਰੀਆਂ ਸੇਵੀਆਂ ਚੱਟ ਕਰ ਲਈਆਂ। ਸਾਰੀਆਂ ਸੇਵੀਆਂ ਖਾ ਕੇ ਉਹ ਖਚਰੀ ਜਿਹੀ ਬੋਲੀ ਵਿਚ ਕਹਿਣ ਲੱਗੀ,"ਮੇਰੇ ਦੋਸਤ ਤੈਨੂੰ ਸੇਵੀਆਂ ਖਾਣ ਵਿੱਚ ਕਾਫ਼ੀ ਤਕਲੀਫ਼ ਆਈ ਹੋਵੇਗੀ, ਪਰ ਅਫ਼ਸੋਸ, ਸਾਡੇ ਘਰ ਇਹੋ-ਜਿਹੇ ਚੌੜੇ-ਚੌੜੇ ਭਾਂਡੇ ਹੀ ਹਨ।"

ਬਗਲੇ ਵਿਚਾਰੇ ਨੂੰ ਭੁੱਖੇ ਨੂੰ ਹੀ ਘਰ ਮੁੜਨਾ ਪਿਆ।ਜਾਂਦਾ- ਜਾਂਦਾ ਉਹ ਲੂੰਬੜੀ ਨੂੰ ਨਿਉਤਾ ਦੇ ਗਿਆ,"ਪਰਸੋਂ ਨੂੰ ਸਾਡੇ ਘਰ ਇੱਕ ਸਮਾਗਮ ਹੈ। ਤੁਸੀਂ ਜ਼ਰੂਰ ਆਇਓ ਸ਼ਾਨਦਾਰਪਾਰਟੀ ਹੋਵੇਗੀ।"

ਲਾਲਚੀ ਲੂੰਬੜੀ ਨੇ ਉਸੇ ਦਿਨ ਤੋਂ ਹੀ ਖਾਣਾ ਛੱਡ ਦਿੱਤਾ। ਜਦੋਂ ਉਸਦੇ ਘਰ ਦੇ ਉਹਨੂੰ ਖਾਣਾ ਨਾ ਖਾਣ ਬਾਬਤ ਪੁੱਛਦੇ ਤਾਂ ਉਹ ਕਹਿੰਦੀ,

"ਬਗਲੇ ਦੇ ਘਰ ਜਾਵਾਂਗੇ,
ਫੱਕੀਆਂ ਬਹੁਤ ਉਡਾਵਾਂਗੇ।
ਕਸਰਾਂ ਕੱਢ ਕੇ ਆਵਾਂਗੇ,
ਹੁਣ ਘਰੋਂ ਨਾ ਕੁਝ ਵੀ ਖਾਵਾਂਗੇ।"

ਮਿੱਥੇ ਸਮੇਂ ਉੱਤੇ ਲੂੰਬੜੀ ਬਗਲੇ ਦੇ ਘਰ ਪਹੁੰਚ ਗਈ। ਬਗਲੇ ਨੇ ਉਸਦੀ ਆਓ-ਭਗਤ ਕਰਦਿਆਂ ਕਿਹਾ,

"ਮੇਰੀ ਦੋਸਤ, ਆਪਾਂ ਪਹਿਲਾਂ ਭੋਜਨ ਛਕੀਏ।ਤੂੰ ਏਨੀ ਦੂਰੋਂ ਆਈ ਹੈਂ,ਬਹੁਤ ਭੁੱਖ ਲੱਗੀ ਹੋਵੇਗੀ।"

ਇਹ ਕਹਿੰਦਾ ਹੋਇਆ ਬਗਲਾ ਲੂੰਬੜੀ ਨੂੰ ਭੋਜਨ ਵਾਲੀ ਥਾਂ 'ਤੇ ਲੈ ਗਿਆ, ਜਿੱਥੇ ਉਸਨੇ ਪਹਿਲਾਂ ਹੀ ਇੱਕ ਤੰਗ ਮੂੰਹ ਵਾਲੀ ਗੜਵੀ ਵਿਚ ਖੀਰ ਪਾ ਕੇ ਰੱਖੀ ਸੀ ਅਤੇ ਨਾਲ ਹੀ ਲੰਮੇ ਮੂੰਹ ਵਾਲੀ ਝੱਜਰ ਵਿੱਚ ਗੰਨੇ ਦਾ ਰਸ ਪਾ ਕੇ ਰੱਖਿਆ ਸੀ।

ਲੂੰਬੜੀ ਕਿਤੇ ਖੀਰ ਖਾਣ ਦੀ ਕੋਸ਼ਿਸ਼ ਕਰੇ ਕਿਤੇ ਰਸ ਪੀਣ ਦੀ, ਪਰ ਨੱਕ ਭੰਨਾ ਲੈਂਦੀ ਸੀ। ਇਕ ਵੀ ਬੁਰਕੀ ਖੀਰ ਦੀ ਉਸਨੂੰ ਨਸੀਬ ਨਾ ਹੋਈ ਤੇ ਨਾ ਇੱਕ ਘੁੱਟ ਗੰਨੇ ਦਾ ਰਸ ਪੀ ਸਕੀ। ਦੂਜੇ ਪਾਸੇ ਬਗਲਾ ਆਪਣੀ ਲੰਮੀ ਚੁੰਝ ਨਾਲ ਖੀਰ ਵੀ ਖਾਈ ਗਿਆ ਤੇ ਰਸ ਵੀ ਪੀਂਦਾ ਰਿਹਾ।

ਅਖੀਰ 'ਤੇ ਬਗਲੇ ਨੇ ਕਿਹਾ,

"ਮਾਫ਼ ਕਰੀਂ ਮੇਰੀ ਦੋਸਤ ਤੈਨੂੰ ਭੋਜਨ ਖਾਣ ਵਿਚ ਕਾਫ਼ੀ ਤਕਲੀਫ਼ ਆਈ ਹੋਣੀ ਐ ਪਰ ਅਫ਼ਸੋਸ, ਸਾਡੇ ਘਰ ਖੁੱਲ੍ਹੇ ਮੂੰਹ ਵਾਲੇ ਭਾਂਡੇ ਨਹੀਂ ਹਨ।"

ਲੂੰਬੜੀ ਨੂੰ ਆਪਣੀ ਚਲਾਕੀ ਯਾਦ ਆਈ। ਉਹ ਬਹੁਤ ਸ਼ਰਮਿੰਦੀ ਹੋਈ।ਬਗਲਾ ਬੋਲਿਆ,

"ਮੇਰੀ ਦੋਸਤ ਅਜੇ ਤਾਂ ਪਤਾ ਨਹੀਂ ਕਿੰਨ੍ਹੇ ਵਾਰ ਆਪਾਂ ਨੂੰ ਇਕ ਦੂਜੇ ਤੱਕ ਕੰਮ ਪੈਣੇ ਸਨ, ਪਰ ਤੇਰੇ ਸਵਾਰਥ ਤੇ ਲਾਲਚ ਨੇ ਅਹਿਸਾਨ ਫ਼ਰਾਮੋਸ਼ੀ ਕੀਤੀ ਹੈ, ਮੈਨੂੰ ਛੇਤੀ ਹੀ ਪਤਾ ਲੱਗ ਗਿਆ ਹੈ।"

ਇਹ ਆਖ ਕੇ ਬਗਲੇ ਨੇ ਲੂੰਬੜੀ ਨਾਲੋਂ ਆਪਣੀ ਆੜੀ ਤੋੜ ਲਈ |

# ਲਾਲਚ ਬੁਰੀ ਬਲਾਈ

ਇੱਕ ਮਰਾਸੀ ਸਰਦਾਰਾਂ ਦੇ ਘਰ ਸੀਰੀ ਲੱਗਾ ਸੀ। ਸਰਦਾਰ ਉਸਦੇ ਕੰਮ ਤੋਂ ਬਹੁਤ ਖ਼ੁਸ਼ ਸਨ। ਉਹ ਉਸਨੂੰ ਆਪਣੇ ਪਰਿਵਾਰ ਦਾ ਮੈਂਬਰ ਹੀ ਸਮਝਣ ਲੱਗਪਏ ਸਨ ਤੇ ਉਸ ਨਾਲ ਘਰ ਦੀ ਹਰ ਗੱਲ ਸਾਂਝੀ ਕਰਨ ਲੱਗ ਪਏ। ਘਰ ਦੀਕਿਹੜੀ ਚੀਜ਼ ਕਿੱਥੇ ਪਈ ਹੈ, ਉਸਨੂੰ ਸਭ ਪਤਾ ਹੁੰਦਾ ਸੀ।

ਇਕ ਦਿਨ ਸਰਦਾਰਾਂ ਦੇ ਸਾਰੇ ਟੱਬਰ ਨੇ ਆਪਣੀ ਰਿਸ਼ਤੇਦਾਰੀ ਵਿਚ ਵਿਆਹ ਜਾਣਾ ਸੀ। ਉਹਨਾਂ ਨੇ ਘਰ ਦੀ ਸਾਰੀ ਸਾਂਭ-ਸੰਭਾਲ ਦਾ ਜ਼ਿੰਮਾ ਮਰਾਸੀ ਅਤੇ ਉਸਦੀ ਘਰਵਾਲੀ ਨੂੰ ਦੇ ਦਿੱਤਾ। ਜਾਂਦੇ-ਜਾਂਦੇ ਉਹ ਮਰਾਸੀ ਨੂੰ ਇਹ ਵੀਆਖ ਗਏ ਕਿ ਅਸੀਂ ਤਾਂ ਇਕ ਮਹੀਨੇ ਨੂੰ ਮੁੜਾਂਗੇ। ਸਾਰਾ ਘਰ ਤੇਰੇ ਹਵਾਲੇ ਹੀ ਹੈ। ਜੇ ਤੂੰ ਤੇ ਤੇਰੀ ਘਰਵਾਲੀ ਘਰ ਦੇ ਸਾਰੇ ਕੰਮਾਂ-ਕਾਰਾਂ ਅਤੇ ਪਸ਼ੂਆਂ ਦੀ ਸਾਂਭ-ਸੰਭਾਲ ਕਰਕੇ ਸਾਡਾ ਚਿੱਤ ਖੁਸ਼ ਕਰ ਦਿੱਤਾ ਤਾਂ ਅਸੀਂ ਆ ਕੇ ਥੋਨੂੰ ਤੁਹਾਡੀ ਪਸੰਦ ਦਾ ਇਨਾਮ ਦੇਵਾਂਗੇ।

ਸਰਦਾਰਾਂ ਦੇ ਵਿਆਹ ਤੁਰ ਜਾਣ ਪਿੱਛੋਂ ਮਰਾਸੀ ਤੇ ਉਸਦੀ ਘਰਵਾਲੀ ਇਹ ਵਿਉਂਤ ਲਾਉਣ ਲੱਗੇ, “ਆਪਾਂ ਕੰਮ ਪੱਖੋਂ ਤਾਂ ਸਰਦਾਰਾਂ ਨੂੰ ਖੁਸ਼ ਕਰ ਹੀ ਦੇਵਾਂਗੇ;

ਇਹ ਸੋਚੀਏ ਕਿ ਸਰਦਾਰਾਂ ਤੋਂ ਕਿਹੜੀ ਚੀਜ਼ ਮੰਗਣੀ ਹੈ ? ਬਹੁਤ ਵੱਡੀ ਚੀਜ਼ ਮੰਗ ਕੇ ਕਿਤੇ ਮੂੰਹ ਦਾ ਸਵਾਦ ਹੀ ਖ਼ਰਾਬ ਨਾ ਕਰ ਲਈਏ।

ਸੋਚਦਿਆਂ-ਸੋਚਦਿਆਂ ਮਰਾਸੀ ਨੂੰ ਇੱਕ ਜੁਗਤ ਸੁੱਝੀ। ਉਸਨੂੰ ਸਰਦਾਰਾਂ ਦੇ ਪੈਸਿਆਂ ਦਾ ਪਤਾ ਸੀ, ਜਿਹੜੇ ਪਸ਼ੂਆਂ ਵਾਲੇ ਵਾੜੇ ਵਿਚ ਘੜੇ ਵਿਚ ਪਾ ਕੇ ਦੱਬੇ ਸਨ। ਮਰਾਸੀ ਨੇ ਉਹ ਪੈਸੇ ਕੱਢ ਕੇ ਮਠਿਆਈ ਵਿਚ ਪਾ ਕੇ ਸਰਦਾਰਾਂ ਦੇ ਗਧੇ ਨੂੰ ਖਵਾਉਣੇ ਸ਼ੁਰੂ ਕਰ ਦਿੱਤੇ। ਗਧਾ ਵਿੱਤੋਂ ਵੱਧ ਮਠਿਆਈ ਖਾ ਗਿਆ।

ਇਉਂ ਮਰਾਸੀ ਨੇ ਚਾਂਦੀ ਦੇ ਰੁਪੱਈਆਂ ਦਾ ਸਾਰਾ ਘੜਾ ਗਧੇ ਦੇ ਢਿੱਡ ਵਿਚ ਪਾ ਦਿੱਤਾ ਤੇ ਖਾਲੀ ਘੜਾ ਮੁੜ ਓਸੇ ਹੀ ਥਾਂ 'ਤੇ ਦੱਬ ਦਿੱਤਾ।

ਜਦੋਂ ਸਰਦਾਰਾਂ ਦਾ ਟੱਬਰ ਵਿਆਹ ਤੋਂ ਮੁੜਿਆ ਤਾਂ ਸ਼ੀਸ਼ੇ ਵਾਂਗ ਲਿਸ਼ਕਦੇ ਘਰ ਅਤੇ ਗੋਗੜਾਂ ਕੱਢ ਕੇ ਖਲੋਤੇ ਪਸ਼ੂਆਂ ਵੱਲ ਵੇਖ ਕੇ ਸਾਰੇ ਹੀ ਬੇਹੱਦ ਖੁਸ਼ ਹੋਏ। ਮਰਾਸੀ ਨੂੰ ਸ਼ਾਬਾਸ਼ ਦੇ ਕੇ ਉਹ ਕਹਿਣ ਲੱਗੇ,

"ਲੈ ਬਈ, ਤੇਰੀ ਸੇਵਾ ਤੋਂ ਅਸੀਂ ਬਹੁਤ ਪ੍ਰਸੰਨ ਹਾਂ, ਜਿਹੜੀ ਚੀਜ਼ ਤੈਨੂੰ ਘਰ ਵਿਚ ਪਸੰਦ ਆਈ, ਉਹੀ ਆਪਣੇ ਘਰ ਲੈ ਜਾ, ਸਾਡੇ ਵੱਲੋਂ ਇਨਾਮ ਸਮਝਕੇ।' ਮਰਾਸੀ ਨੇ ਪਹਿਲਾਂ ਤਾਂ ਕੁਝ ਲੈਣ ਤੋਂ ਥੋੜ੍ਹੀ-ਬਹੁਤੀ ਬਨਾਉਟੀ ਜਿਹੀ ਨਾਂਹ-ਨੁੱਕਰ ਕੀਤੀ ਪਰ ਜਦੋਂ ਸਰਦਾਰ ਉਸਨੂੰ ਕੁਝ ਨਾ ਕੁਝ ਲੈਣ ਲਈ ਵਾਰ-ਵਾਰ ਕਹਿੰਦਾ ਰਿਹਾ ਤਾਂ ਉਸਨੇ ਕਿਹਾ,

"ਸਰਦਾਰ ਜੀ ਉਂਝ ਤਾਂ ਤੁਹਾਡਾ ਦਿੱਤਾ ਬਹੁਤ ਕੁਝ ਹੈ, ਪਰ ਜੇ ਕੁਝ ਜ਼ਰੂਰ ਹੀ ਦੇਣਾ ਹੈ ਤਾਂ ਆਹ ਗਧਾ ਦੇ ਦਿਓ। ਇਹਦੇ ਉਤੇ ਭਾਰ ਢੋਅ ਕੇ ਚਾਰ ਛਿੱਲੜ ਕਮਾ ਲਿਆ ਕਰਾਂਗਾ।"

ਸਰਦਾਰ ਨੇ ਗਧਾ ਮਰਾਸੀ ਨੂੰ ਦੇ ਦਿੱਤਾ। ਮਰਾਸੀ ਨੇ ਘਰ ਲਿਜਾ ਕੇ ਗਧੇ ਨੂੰ ਕਮਰੇ ਵਿਚ ਬੰਦ ਕਰ ਲਿਆ। ਜਦੋਂ ਅੱਧੀ ਰਾਤ ਬੀਤ ਗਈ ਤਾਂ ਉਸਨੇ ਗਧੇ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਗਧੇ ਦੇ ਮੂੰਹ ਵਿਚੋਂ ਚਾਂਦੀ ਦੇ ਰੁਪੱਈਏ ਡਿੱਗਣੇ ਸ਼ੁਰੂ ਹੋ ਗਏ। ਮਰਾਸੀ ਦੇ ਕਮਰੇ ਵਿਚ ਪੈਸਿਆਂ ਦਾ ਢੇਰ ਲੱਗ ਗਿਆ।

ਅਗਲੇ ਹੀ ਦਿਨ ਉਸਨੇ ਇਹਨਾਂ ਪੈਸਿਆਂ ਦੇ ਸੋਹਣੇ-ਸੋਹਣੇ ਸੂਟ ਖ਼ਰੀਦ ਲਿਆਂਦੇ, ਬੱਚਿਆਂ ਨੂੰ ਮਹਿੰਗੇ-ਮਹਿੰਗੇ ਖਿਡੌਣੇ ਲਿਆ ਦਿੱਤੇ।

ਸਾਰੇ ਪਿੰਡ ਵਿਚ ਮਰਾਸੀ ਦੇ ਗਧੇ ਦੀ ਚਰਚਾ ਹੋ ਗਈ। ਅਗਲੇ ਦਿਨ ਪਿੰਡ ਦਾ ਨੰਬਰਦਾਰ ਉਸਦੇ ਘਰ ਗਧਾ ਵੇਖਣ ਆਇਆ। ਗਧੇ ਦੇ ਮੂੰਹ ਵਿਚੋਂ ਪੈਸੇ ਕੱਢਣ ਵਾਲੀ ਕਰਾਮਾਤ ਉਸਨੂੰ ਹੈਰਾਨ ਕਰ ਰਹੀ ਸੀ। ਉਸਨੇ ਮਰਾਸੀ ਤੋਂ ਗਧੇਦਾ ਮੁੱਲ ਪੁੱਛਿਆ।

ਮਰਾਸੀ ਨੇ ਇਹ ਸੋਚ ਕੇ ਗਧਾ ਨੰਬਰਦਾਰ ਨੂੰ ਵੇਚ ਦਿੱਤਾ ਕਿ ਹੁਣ ਪੈਸੇ ਤਾਂ ਸਾਰੇ ਕੱਢ ਹੀ ਲਏ ਹਨ। ਨੰਬਰਦਾਰ ਨੇ ਗਧਾ ਘਰੇ ਲਿਆਂਦਾ।

ਰਾਤ ਹੋਈ ਤਾਂ ਨੰਬਰਦਾਰ ਨੇ ਪੈਸੇ ਕੱਢਣ ਲਈ ਗਧੇ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ | ਬਹੁਤ ਚਿਰ ਕੁੱਟਣ ਤੋਂ ਬਾਅਦ ਵੀ ਉਹ ਮਸਾਂ ਦਸ ਕੁ ਰੁਪਏ ਹੀ ਗਧੇ ਦੇ ਢਿੱਡ ਵਿਚੋਂ ਕਢਾ ਸਕਿਆ।

ਅਗਲੇ ਦਿਨ ਪਿੰਡ ਦਾ ਚੌਕੀਦਾਰ ਨੰਬਰਦਾਰ ਦੇ ਘਰ ਗਧਾ ਵੇਖਣ ਪਹੁੰਚਿਆ, ਉਸਨੇ ਨੰਬਰਦਾਰ ਤੋਂ ਗਧੇ ਦੀ ਕੀਮਤ ਬਾਰੇ ਪੁੱਛਿਆ।

ਨੰਬਰਦਾਰ ਨੇ ਸੋਚਿਆ, " ਬਥੇਰਾ ਕੁੱਟ ਕੇ ਵੇਖ ਲਿਆ। ਹੁਣ ਇਸ ਗਧੇਦੇ ਢਿੱਡ ਵਿਚੋਂ ਕੀ ਨਿਕਲਣਾ ਹੈ, ਇਸਨੂੰ ਵੇਚਣਾ ਹੀ ਚੰਗੀ ਗੱਲ ਹੈ। ਫਿਰ ਵੀ ਉਸਨੇ ਬੜੀ ਚਲਾਕੀ ਵਿਖਾਈ। ਉਸਨੇ ਚੌਕੀਦਾਰ ਨੂੰ ਕਿਹਾ,

"ਚੌਕੀਦਾਰਾ! ਇਸ ਗਧੇ ਦੀ ਕੀਮਤ ਬਹੁਤ ਜ਼ਿਆਦਾ ਹੈ, ਇਹਨੂੰ ਖਰੀਦਣਾ ਤੇਰੇ ਵੱਸ ਦੀ ਗੱਲ ਨਹੀਂ।"

ਚੌਕੀਦਾਰ ਕਹਿਣ ਲੱਗਾ, "ਨੰਬਰਦਾਰਾ ਤੂੰ ਇਹਦੀ ਕੀਮਤ ਤਾਂ ਦੱਸ, ਮੈਂ ਆਪਣੀਆਂ ਮੱਝਾਂ ਵੇਚ ਕੇ ਖ਼ਰੀਦ ਲਵਾਂਗਾ।''

ਨੰਬਰਦਾਰ ਨੇ ਚੌਕੀਦਾਰ ਤੋਂ ਗਧੇ ਦੇ ਜਿੰਨੇ ਪੈਸੇ ਮੰਗੇ, ਚੌਕੀਦਾਰ ਨੇ ਆਪਣੀਆਂ ਮੱਝਾਂ ਵੇਚ ਕੇ ਦੇ ਦਿੱਤੇ।

'ਚੌਕੀਦਾਰ ਗਧੇ ਨੂੰ ਘਰ ਲੈ ਗਿਆ।ਉਸਨੇ ਵੀ ਸਾਰੇ ਬੂਹੇ ਬੰਦ ਕਰਕੇ ਗਧੇ ਨੂੰ ਕੁੱਟਣਾ ਸ਼ੁਰੂ ਕਰ ਦਿੱਤਾ। ਉਹ ਸੋਚ ਰਿਹਾ ਸੀ ਕਿ ਹੁਣੇ ਹੀ ਮੇਰਾ ਕਮਰਾ ਚਾਂਦੀ ਦੇ ਰੁਪਈਆਂ ਨਾਲ ਭਰ ਜਾਵੇਗਾ।

ਉਸਨੇ ਸਾਰੀ ਰਾਤ ਗਧੇ ਨੂੰ ਕੁੱਟਿਆ ਪਰ ਗਧੇ ਦੇ ਢਿੱਡ ਵਿਚੋਂ ਕੋਈ ਰੁਪੱਈਆ ਨਾ ਨਿਕਲਿਆ। ਗਧਾ ਏਨੀ ਕੁੱਟ ਝੱਲ ਨਾ ਸਕਿਆ। ਅਖ਼ੀਰ ਵਿਚਾਰਾ ਤੜਕੇ ਨੂੰ ਮਰ ਗਿਆ।

ਗਧੇ ਨੇ ਕੀਤਾ ਲਾਲਚ
ਖਾਧੀ ਵਿੱਤੋਂ ਵੱਧ ਮਠਿਆਈ
ਤਿੰਨ ਦਿਨ ਖਾਧੀ ਕੁੱਟ ਬੜੀ
ਤੇ ਮੌਤ ਅੰਤ ਨੂੰ ਆਈ
ਚੌਕੀਦਾਰ ਨੇ ਲਾਲਚ ਵਿੱਚ ਹੀ
ਗਵਾ ਲਈ ਸਾਰੀ ਕਮਾਈ
ਤਾਂ ਹੀ ਕਹਿਣ ਸਿਆਣੇ
ਸੈਫ਼ੀ ਲਾਲਚ ਬੁਰੀ ਬੁਲਾਈ।

# ਪਾਗਲਾਂ ਨੂੰ ਪਾਗਲ ਹੀ ਚੰਗੇ ਲੱਗਦੇ ਨੇ

ਇੱਕ ਨਗਰ ਵਿੱਚੋਂ ਰੱਬ ਦੇ ਰੰਗ ਵਿਚ ਰੰਗਿਆ ਇਕ ਫ਼ਕੀਰ ਲੰਘ ਰਿਹਾ ਸੀ। ਉਹ ਆਪਣੀ ਮਸਤੀ ਵਿਚ ਰੱਬ ਦਾ ਗੁਣਗਾਣ ਕਰਦਾ ਹੋਇਆ, ਗੀਤ ਗਾਉਂਦਾ ਤੁਰਿਆ ਜਾ ਰਿਹਾ ਸੀ। ਉਸ ਨਗਰ ਦੇ ਕੁਝ ਲੋਕ ਉਸਨੂੰ ਮਖ਼ੌਲ ਕਰਨ ਲੱਗ ਪਏ। ਕਈ ਬੱਚੇ ਉਸ ਮਗਰ ਰੋੜੇ ਚਲਾਉਣ ਲੱਗ ਪਏ। ਕਈ ਉਸਨੂੰਪਾਗਲ-ਪਾਗਲ ਆਖ ਕੇ ਛੇੜਨ ਲੱਗ ਪਏ।

ਫ਼ਕੀਰ ਕਿਸੇ ਨੂੰ ਕੋਈ ਜਵਾਬ ਨਹੀਂ ਦੇ ਰਿਹਾ ਸੀ, ਬਸ ਤੁਰਿਆ ਜਾ ਰਿਹਾ ਸੀ। ਇੱਕ ਘਰ ਅੱਗੇ ਜਾ ਕੇ ਉਸਨੇ ਪਾਣੀ ਮੰਗਿਆ। ਉਸ ਘਰ ਵਾਲੇ ਬੜੇ ਹੰਕਾਰੀ ਸਨ। ਉਹਨਾਂ ਨੇ ਪਾਣੀ ਤਾਂ ਕੀ ਪਿਆਉਣਾ ਸੀ, ਉਲਟਾ ਬੁਰਾ ਭਲਾ ਕਹਿਣ ਲੱਗੇ।

“ਜਾਹ-ਜਾਹ ਅੱਗੇ ਜਾਹ, ਅਸੀਂ ਪਾਗਲਾਂ ਨੂੰ ਪਾਣੀ ਨਹੀਂ ਪਿਆਉਂਦੇ, ਅੱਗੇ ਜਾ ਕੇ ਕਿਸੇ ਖੂਹ ਟੋਭੇ ਤੋਂ ਪੀ ਲਵੀਂ।” ਉਸ ਫ਼ਕੀਰ ਨੇ ਕੁਝ ਘਰਾਂ ਦੇ ਬੂਹੇ ਅੱਗੇ ਰੁਕ ਕੇ ਵੀ ਪਾਣੀ ਮੰਗਿਆ ਪਰ ਸਾਰੇ ਹੀ ਉਸਨੂੰ ਪਾਗਲ-ਪਾਗਲ ਆਖ ਕੇ ਅੱਗੇ ਜਾਣ ਨੂੰ ਕਹਿੰਦੇ ਰਹੇ। ਫ਼ਕੀਰ ਨੇ ਹੱਥ ਉਤਾਂਹ ਕਰਕੇ ਫ਼ਰਿਆਦ ਕੀਤੀ,

“ਓ ਰੱਬਾ, ਤੇਰੇ ਗੁਣ ਗਾਉਣ ਵਾਲਿਆਂ ਦਾ ਇਹ ਹਾਲ ਕੋਈ ਪਾਗਲ ਆਖਦਾ, ਕੋਈ ਵੱਟੇ ਮਾਰਦਾ, ਪਾਣੀ ਵੀ ਕੋਈ ਨਹੀਂ ਪਿਆਉਂਦਾ।”

ਉਸੇ ਵੇਲੇ ਫ਼ਕੀਰ ਦੇ ਕੰਨੀ ਇਕ ਗ਼ੈਬੀ ਆਵਾਜ਼ ਪਈ,

“ਘਬਰਾ ਨਾ ਮੇਰੇ ਪਿਆਰੇ! ਮੈਂ ਆਪਣੇ ਪਿਆਰਿਆਂ ਦਾ ਸਬਰ ਪਰਖਦਾ ਹੁੰਨਾਂ, ਇਹ ਹੰਕਾਰੀ ਲੋਕ ਜਿਹੜੇ ਤੈਨੂੰ ਪਾਗਲ ਆਖਦੇ ਹਨ, ਇਹਨਾਂ ਨੇ ਖ਼ੁਦ ਹੀ ਇਕ ਦਿਨ ਪਾਗਲ ਹੋ ਜਾਣਾ ਹੈ। ਇਹਨਾਂ ਦੀ ਮਾੜੀ ਸੋਚ ਨੇ ਹੀ ਇਹਨਾਂ ਨੂੰ ਲੈ ਡੁੱਬਣਾ ਹੈ। ਜਿਹੜੇ ਪਾਣੀ ਤੋਂ ਇਹਨਾਂ ਨੇ ਤੈਨੂੰ ਤਰਸਾਇਆ, ਉਹੀ ਪਾਣੀਇਹਨਾਂ ਦੀ ਅਕਲ ਦਾ ਸ਼ਰੀਕ ਬਣ ਜਾਣਾ ਹੈ।“

ਅਜੇ ਕੁਝ ਦਿਨ ਹੀ ਬੀਤੇ ਸਨ ਕਿ ਉਸ ਨਗਰ ਦੇ ਲੋਕ ਪਾਗਲ ਹੋਣ ਹੋ ਗਏ। ਉਹ ਸਾਰੇ ਇਕ ਦੂਜੇ ਨੂੰ ਉੱਚੀ-ਉੱਚੀ ਗਾਲ੍ਹਾਂ ਕੱਢਦੇ, ਪੱਥਰ ਮਾਰਦੇ, ਇੱਕ ਦੂਜੇ ਦੇ ਮੋਢਿਆਂ ਉਪਰ ਚੜ੍ਹ-ਚੜ੍ਹ ਬਹਿੰਦੇ, ਆਪਣੇ ਹੀ ਵਾਲ ਪੁੱਟੀ ਜਾਂਦੇ, ਕਿਤੇ ਮਿੱਟੀ ਵਿਚ ਲਿਟਣ ਲੱਗ ਜਾਂਦੇ, ਕਦੇ ਦਰੱਖਤਾਂ ਨਾਲ ਪੁੱਠੇ ਲਟਕ ਜਾਂਦੇ।

ਜਦੋਂ ਰਾਜੇ ਨੂੰ ਇਸ ਗੱਲ ਦੀ ਖ਼ਬਰ ਹੋਈ ਤਾਂ ਉਹ ਡਾਹਢਾ ਚਿੰਤਤ ਹੋ ਗਿਆ।ਰਾਜੇ ਨੂੰ ਕਿਸੇ ਨੇ ਇਹ ਦੱਸ ਦਿੱਤਾ ਕਿ ਇਹ ਸਭ ਕੁਝ ਇਕ ਫ਼ਕੀਰ ਨਾਲ ਹੋਈ ਬਦਸਲੂਕੀ ਕਰਕੇ ਹੋਇਆ।

ਰਾਜੇ ਨੇ ਆਪਣੇ ਬੰਦੇ ਭੇਜ ਕੇ ਤੁਰੰਤ ਫ਼ਕੀਰ ਨੂੰ ਲੱਭ ਲਿਆ। ਫ਼ਕੀਰ ਨੂੰ ਰਾਜੇ ਦੇ ਮਹਿਲਾਂ ਵਿਚ ਲਿਆਂਦਾ ਗਿਆ। ਫ਼ਕੀਰ ਦੇ ਆਉਂਦਿਆਂ ਹੀ ਰਾਜਾ ਹੱਥ ਜੋੜ ਕੇ ਆਖਣ ਲੱਗਾ,

“ਮਹਾਂਪੁਰਸ਼ੋ, ਇਹ ਕੀ ਕਹਿਰ ਵਰਤਾ ਦਿੱਤਾ ਏ!

ਮਿਹਰ ਕਰੋ, ਨਗਰ ਦੇ ਲੋਕਾਂ ਨੇ ਤੁਹਾਨੂੰ ਪਛਾਣਿਆਂ ਨਹੀਂ, ਉਹਨਾਂ ਨੇ ਤੁਹਾਡੇ ਨਾਲ ਜੋ ਵੀ ਦੁਰ-ਵਿਹਾਰ ਕੀਤਾ, ਉਸ ਸਭ ਦੀ ਮੈਂ ਆਪਣੇ ਵੱਲੋਂ ਮਾਫ਼ੀ ਮੰਗਦਾਂ।”

ਫ਼ਕੀਰ ਨੇ ਕਿਹਾ,

"ਤੂੰ ਬੰਦਾ ਚੰਗਾ ਲੱਗਦੈਂ, ਆਪਣੀ ਪਰਜਾ ਦਾ ਭਲਾ ਚਾਹੁਣ ਵਾਲਾ ਹੈਂ, ਨਿਮਰਤਾ ਵਾਲਾ ਹੈਂ, ਇਸੇ ਕਰਕੇ ਮੇਰੇ ਦਾਤੇ ਨੇ ਤੈਨੂੰ ਪਾਗਲ ਹੋਣ ਤੋਂ ਬਚਾ ਲਿਆ।

ਤੇ ਸੁਣ, ਇਸ ਨਗਰ ਦੇ ਸਾਰੇ ਖੂਹਾਂ ਦਾ ਪਾਣੀ ਪਾਗਲ ਹੋ ਚੁੱਕਾ ਹੈ, ਉਸਨੂੰ ਜਿਹੜਾ ਵੀ ਪੀਵੇਗਾ, ਉਹ ਪਾਗਲ ਹੋ ਜਾਵੇਗਾ। ਇਸੇ ਲਈ ਤੂੰ ਆਪਣੇ ਪਾਣੀ ਦਾ ਪ੍ਰਬੰਧ ਕਿਸੇ ਹੋਰ ਨਗਰ ਵਿਚੋਂ ਕਰਵਾ ਲੈ।

ਇਹ ਸੁਣ ਕੇ ਰਾਜੇ ਨੇ ਕਿਹਾ,

"ਮਹਾਂ ਪੁਰਸ਼ੋ ਮੇਰੀ ਪਰਜਾ ਦਾ ਵੀ ਉਧਾਰ ਕਰੋ, ਇਹਨਾਂ ਲੋਕਾਂ ਦੀ ਹਾਲਤ ਮੈਥੋਂ ਵੇਖੀ ਨਹੀਓਂ ਜਾਂਦੀ।"

ਫਕੀਰ ਨੇ ਕਿਹਾ,

"ਜਿਹੜੀ ਭਾਵਨਾ ਸਾਡੇ ਅੰਦਰ ਹੁੰਦੀ ਹੈ, ਕੁਦਰਤ ਵੱਲੋਂ ਸਾਨੂੰ ਉਹੋ ਜਿਹੀ ਦੀ ਦਾਤ ਮਿਲਦੀ ਹੈ। ਇਹ ਲੋਕ ਈਰਖਾ, ਸਾੜੇ, ਨਿਰਾਦਰੀ ਤੇ ਹਿੰਸਾ ਵਾਲੀਆਂ ਭਾਵਨਾਵਾਂ ਰੱਖਦੇ ਹਨ। ਕੁਦਰਤ ਨੇ ਇਹਨਾਂ ਦੀਆਂ ਝੋਲੀਆਂ ਵਿੱਚ ਇਹੀ ਕੁਝ ਭਰ ਦਿੱਤਾ। ਤੂੰ ਸਭ ਦਾ ਭਲਾ ਚਾਹੁਣ ਵਾਲਾ ਹੈਂ, ਇਸ ਲਈ ਤੈਨੂੰ ਸਿਆਣਪਦੇ ਦਿੱਤੀ ਹੈ। ਇਸ ਵਿਚ ਮੈਂ ਤਾਂ ਕੁਝ ਨਹੀਂ ਕਰ ਸਕਦਾ। ਹਰ ਕੋਈ ਆਪਣੇ ਕੀਤੇ ਕਰਮਾਂ ਦਾ ਫ਼ਲ ਭੁਗਤਦਾ ਹੈ।"

ਏਨੇ ਚਿਰ ਨੂੰ ਨਗਰ ਦੇ ਸਾਰੇ ਲੋਕ ਰਾਜੇ ਦੇ ਮਹਿਲ ਦੁਆਲੇ ਘੇਰਾ ਪਾਉਣ ਲੱਗੇ। ਹੱਥ ਵਿਚ ਪੱਥਰ ਫੜ੍ਹ ਕੇ ਉੱਚੀ-ਉੱਚੀ ਆਖਣ ਲੱਗੇ,

"ਓ ਪਾਗਲ ਰਾਜਿਆ, ਤੂੰ ਸਾਡੇ 'ਤੇ ਰਾਜ ਨਹੀਂ ਕਰ ਸਕਦਾ, ਤੈਨੂੰ ਅੱਜ ਮਾਰ ਦੇਣਾ ਹੈ।"

ਰਾਜਾ ਇਹ ਤਮਾਸ਼ਾ ਵੇਖ ਕੇ ਘਬਰਾ ਗਿਆ। ਉਹ ਫ਼ਕੀਰ ਨੂੰ ਕਹਿਣ ਲੱਗਾ, "ਮਹਾਰਾਜ ਮੈਨੂੰ ਇਹਨਾਂ ਪਾਗਲਾਂ ਤੋਂ ਬਚਣ ਦਾ ਢੰਗ ਦੱਸੋ। ਇਹ ਉਲਟਾ ਮੈਨੂੰ ਈ ਪਾਗਲ ਆਖੀ ਜਾਂਦੇ ਹਨ।"

ਫ਼ਕੀਰ ਨੇ ਕਿਹਾ,

"ਜੇ ਪਾਗਲਾਂ ਉੱਤੇ ਰਾਜ ਕਰਨਾ ਹੈ ਤਾਂ ਤੈਨੂੰ ਵੀ ਇਹਨਾਂ ਵਾਂਗ ਪਾਗਲ ਬਣਨਾ ਪਊ। ਇਹਨਾਂ ਦੇ ਮੁਤਾਬਕ ਤਾਂ ਸਾਰੇ ਸਿਆਣੇ ਬੰਦੇ ਪਾਗਲ ਹਨ। ਚੰਗੀ ਗੱਲ ਇਹੀ ਹੈ ਕਿ ਤੂੰ ਇਹ ਨਗਰ ਛੱਡ ਕੇ ਸਿਆਣੇ ਲੋਕਾਂ ਵਿੱਚ ਚਲਾ ਜਾਹ।

ਹਾਂ, ਜੇ ਇਹ ਨਗਰ ਨਹੀਂ ਛੱਡਣਾ ਚਾਹੁੰਦਾ ਤਾਂ ਫਿਰ ਇੱਕ ਜੁਗਤ ਦੱਸ ਦੇਂਦਾ ਹਾਂ।"

ਰਾਜੇ ਨੇ ਕਿਹਾ,

"ਮਹਾਰਾਜ ਮੈਂ ਏਨੀ ਮਿਹਨਤ ਨਾਲ ਮਹਿਲ ਬਣਾਏ', ਇੱਥੇ ਏਨੇ ਸਮੇਂ ਤੋਂ ਰਹਿ ਰਿਹਾਂ। ਮੇਰੀਆਂ ਰਾਣੀਆਂ ਹਨ, ਮੇਰੇ ਬੱਚੇ ਹਨ, ਇਹਨਾਂ ਸਭਨਾਂ ਨੂੰ ਲੈ ਕੇ ਕਿੱਥੇ ਜਾਵਾਂਗਾ। ਫਿਰ ਕਿਹੜਾ ਕੰਮ ਕਰਾਂਗਾ! ਕਿਵੇਂ ਮੈਂ ਇਹਨਾਂ ਸਭਨਾਂ ਨੂੰ ਪਾਲਾਂਗਾ ! ਕਿਵੇਂ ਸੰਭਾਲ ਕਰਾਂਗਾ, ਕਿਵੇਂ ਰੋਟੀ ਕਮਾਵਾਂਗਾ? ਕਿਰਪਾ ਕਰਕੇ ਕੋਈਜੁਗਤ ਦੱਸੋ ਤਾਂ ਕਿ ਮੇਰਾ ਰਾਜ ਭਾਗ ਬਚ ਜਾਵੇ। ਇਹ ਪਾਗਲ ਕਿਸੇ ਢੰਗ ਨਾਲ ਸ਼ਾਂਤ ਹੋ ਜਾਣ, ਮੇਰਾ ਖ਼ਤਰਾ ਟਲ ਜਾਵੇ।"

ਫ਼ਕੀਰ ਨੇ ਕਿਹਾ,

"ਜੇ ਇਹੀ ਸਭ ਚਾਹੁੰਦਾ ਏਂ ਤਾਂ ਨਗਰ ਦੇ ਖੂਹਾਂ ਵਿਚੋਂ ਪਾਣੀ ਮੰਗਵਾ ਲੈ। ਪਹਿਲਾਂ ਆਪ ਪੀ ਲੈ ਤੇ ਫਿਰ ਸਾਰੇ ਪਰਿਵਾਰ ਨੂੰ ਤੇ ਆਪਣੇ ਨੌਕਰਾਂ-ਚਾਕਰਾਂ ਨੂੰ ਪਿਲਾ ਦੇ।"

ਰਾਜੇ ਨੇ ਇੰਝ ਹੀ ਕੀਤਾ।

ਪਾਗਲ-ਪਾਣੀ ਪੀਣ ਦੀ ਦੇਰ ਸੀ, ਰਾਜਾ ਖ਼ੁਦ ਵੀ ਪਾਗਲਾਂ ਵਰਗੀਆਂ ਹਰਕਤਾਂ ਕਰਨ ਲੱਗਾ। ਮਹਿਲਾਂ ਤੋਂ ਥੱਲੇ ਉਤਰਿਆ ਤਾਂ ਓਥੇ ਖੜ੍ਹੇ ਸਾਰੇ ਪਾਗਲਾਂ

ਨੇ ਆਪਣੇ ਹੱਥਾਂ 'ਚੋਂ ਪੱਥਰ ਸੁੱਟ ਦਿੱਤੇ। ਉਹਨਾਂ ਸਾਰਿਆਂ ਨੇ ਰਾਜੇ ਅੱਗੇ ਹੱਥ ਜੋੜਲਏ। ਫਿਰ ਸਾਰੇ ਖੁਸ਼ੀ ਨਾਲ ਨੱਚਦੇ-ਨੱਚਦੇ ਆਖਣ ਲੱਗੇ।

ਹੁਣ ਤੂੰ ਸਾਡਾ ਸੱਚਾ ਰਾਜਾ...

ਹੁਣ ਤੂੰ ਸਾਡਾ ਸਿਆਣਾ ਰਾਜਾ...

ਰਾਜਾ ਖੁਦ ਵੀ ਉਹਨਾਂ ਨਾਲ ਰਲਕੇ ਟਪੂਸੀਆਂ ਮਾਰਨ ਲੱਗਾ |

# ਸੁੱਤਿਆਂ ਦੇ ਕੱਟੇ, ਜਾਗਦਿਆਂ ਦੀਆਂ ਕੱਟੀਆਂ

ਇਕ ਵਾਰ ਦੀ ਗੱਲ ਹੈ ਕਿ ਮੱਝਾਂ ਦਾ ਵਪਾਰ ਕਰਨ ਵਾਲੇ ਦੋ ਵਪਾਰੀ ਦੋ ਮੱਝਾਂ ਖ਼ਰੀਦ ਕੇ ਲਿਜਾ ਰਹੇ ਸਨ। ਉਹਨਾਂ ਨੇ ਜਿਹੜੀਆਂ ਮੱਝਾਂ ਖ਼ਰੀਦੀਆਂ ਸਨ, ਉਹ ਦੋਵੇਂ ਹੀ ਸੂਣ ਵਾਲੀਆਂ ਸਨ। ਦੋਹਾਂ ਵਪਾਰੀਆਂ ਨੇ ਸੋਚਿਆ, “ਰਾਤ ਉਤਰ ਰਹੀ ਹੈ, ਕਿਉਂ ਨਾ ਕਿਸੇ ਧਰਮਸ਼ਾਲਾ ਵਿਚ ਅਰਾਮ ਕਰ ਲਿਆ ਜਾਵੇ। ਉਹ ਦੋਵੇਂ ਵਪਾਰੀ ਇੱਕ ਧਰਮਸ਼ਾਲਾ ਵਿਚ ਠਹਿਰ ਗਏ। ਦੋਹਾਂ ਨੂੰ ਆਪਣੀਆਂ ਮੱਝਾਂ ਦਾ ਬਹੁਤ ਫ਼ਿਕਰ ਸੀ। ਮੱਝਾਂ ਦੀ ਰਾਖੀ ਵੀ ਜ਼ਰੂਰੀ ਸੀ ਅਤੇ ਦੋਵੇਂ ਸੂਣ ਵਾਲੀਆਂ ਹੋਣ ਕਰਕੇ ਨਿਗਰਾਨੀ ਦੀ ਵੀ ਬਹੁਤ ਲੋੜ ਸੀ।

ਉਹ ਦੋਵੇਂ ਕਾਫ਼ੀ ਦੇਰ ਤੱਕ ਗੱਲਾਂ ਕਰਦੇ ਰਹੇ। ਅਖ਼ੀਰ ਇਕ ਵਪਾਰੀ ਸੌਂ ਗਿਆ।

ਦੂਜਾ ਆਪਣੀ ਵੱਡੀ ਜ਼ਿੰਮੇਵਾਰੀ ਸਮਝਦਾ ਹੋਇਆ ਮੱਝਾਂ ਦੀ ਰਾਖੀ ਕਰਦਾ ਰਿਹਾ |

ਅੱਧੀ ਰਾਤ ਬੀਤਣ ਤੋਂ ਬਾਅਦ ਦੋਵੇਂ ਮੱਝਾਂ ਸੂ ਪਈਆਂ। ਜਿਹੜਾ ਵਪਾਰੀ ਜਾਗ ਰਿਹਾ ਸੀ, ਉਸਦੀ ਮੱਝ ਨੇ ਕੱਟਾ ਦਿੱਤਾ ਅਤੇ ਜਿਹੜਾ ਵਪਾਰੀ ਸੌਂ ਚੁੱਕਾ

ਸੀ, ਉਸਦੀ ਮੱਝ ਨੇ ਕੱਟੀ ਦਿੱਤੀ। ਜਾਗ ਰਹੇ ਵਪਾਰੀ ਨੇ ਚਲਾਕੀ ਕੀਤੀ।ਆਪਣੀ ਮੱਝ ਦਾ ਕੱਟਾ ਸੌਂ ਰਹੇ ਵਪਾਰੀ ਦੀ ਮੱਝ ਹੇਠ ਛੱਡ ਦਿੱਤਾ ਅਤੇ ਉਸਦੀਮੱਝ ਦੀ ਕੱਟੀ ਆਪਣੀ ਮੱਝ ਹੇਠ ਛੱਡ ਦਿੱਤੀ।

ਅਗਲਾ ਦਿਨ ਚੜ੍ਹਨ ‘ਤੇ ਸੁੱਤਾ ਹੋਇਆ ਵਪਾਰੀ ਜਾਗਿਆ। ਉਸਨੇ ਵੇਖਿਆ ਕਿ ਮੇਰੀ ਮੱਝ ਨੇ ਕੱਟਾ ਦਿੱਤਾ ਹੈ। ਉਹ ਕਿੰਨਾ ਈ ਚਿਰ ਉਸ ਕੱਟੇ ਵੱਲ ਵੇਖਦਾ ਰਿਹਾ। ਫਿਰ ਉਸਨੇ ਦੂਜੇ ਵਪਾਰੀ ਦੀ ਮੱਝ ਹੇਠ ਫਿਰਦੀ ਕੱਟੀ ਵੇਖੀ।ਕਿੰਨਾ ਹੀ ਚਿਰ ਉਹ ਕੱਟੀ ਵੱਲ ਵੇਖੀ ਗਿਆ ਤੇ ਸੋਚੀ ਗਿਆ।ਸੋਚ-ਸੋਚ ਕੇਉਸਨੇ ਸਾਰੀ ਰਾਤ ਜਾਗਦੇ ਰਹੇ ਵਪਾਰੀ ਨੂੰ ਕਿਹਾ,

“ਮੇਰੇ ਦੋਸਤ, ਮੈਨੂੰ ਸ਼ੱਕ ਹੋ ਰਿਹਾ ਹੈ ਕਿ ਤੇਰੀ ਮੱਝ ਹੇਠ ਜਿਹੜੀ ਕੱਟੀ ਫਿਰਦੀ ਹੈ, ਉਹ ਮੇਰੀ ਮੱਝ ਦੀ ਹੈ।

ਦੂਜੇ ਵਪਾਰੀ ਨੇ ਪੁੱਛਿਆ,

“ਇਹ ਤੂੰ ਕਿਵੇਂ ਆਖ ਸਕਦੈਂ ?”

ਉਸਨੇ ਕਿਹਾ,

“ਮੇਰੇ ਦੋਸਤ ਅਸਲ ਵਿੱਚ ਹਰ ਪਸ਼ੂ ਦੀ ਇਕ ਨਸਲ ਹੁੰਦੀ ਹੈ, ਉਸਦੀ ਨਸਲ ਦੀਆਂ ਕੁਝ ਨਿਸ਼ਾਨੀਆਂ ਹੁੰਦੀਆਂ ਹਨ। ਇਸ ਲਈ ਮੇਰੀ ਪਛਾਣ ਇਹ ਦੱਸ ਰਹੀ ਹੈ ਕਿ ਤੇਰੀ ਮੱਝ ਹੇਠ ਫਿਰ ਰਹੀ ਕੱਟੀ ਮੇਰੀ ਮੱਝ ਦੀ ਹੈ। ਰਾਤ ਨੂੰ ਤੂੰ ਹੇਰਾ-ਫੇਰੀ ਨਾਲ ਵਟਾਂਦਰਾ ਕੀਤਾ ਹੈ।”

ਇਹ ਸੁਣ ਕੇ ਦੂਜਾ ਵਪਾਰੀ ਖਚਰੀ ਹਾਸੀ ਹੱਸਿਆ ਤੇ ਕਹਿਣ ਲੱਗਾ, ਓ ਭਾਈ ਗੱਲ ਤਾਂ ਤੇਰੀ ਕੰਮ ਦੀ ਹੈ, ਤੈਨੂੰ ਪਸ਼ੂਆਂ ਦੀ ਨਸਲ ਬਾਰੇ ਬੜਾ ਇਲਮ ਹੈ। ਮੈਂ ਸਦਕੇ ਜਾਵਾਂ ਤੇਰੀ ਸਿਆਣਪ ਤੋਂ।

ਪਰ ਯਾਦ ਰੱਖੀ,

“ਸੁੱਤਿਆਂ ਦੇ ਕੱਟੇ ਹੁੰਦੇ ਤੇ ਜਾਗਦਿਆਂ ਦੀਆਂ ਕੱਟੀਆਂ ਹੀ ਹੁੰਦੀਆਂ ਹਨ।

# ਨੜ੍ਹਿਨਵੇਂ ਦਾ ਗੇੜ

"ਇਹ ਉਹਨਾਂ ਵੇਲਿਆਂ ਦੀ ਗੱਲ ਹੈ ਜਦੋਂ ਇਕ ਰੁਪਈਆ ਅੱਜ ਦੇ ਹਜ਼ਾਰ ਰੁਪਏ ਦੇ ਬਰਾਬਰ ਦੀ ਕੀਮਤ ਰੱਖਦਾ ਸੀ। ਉਦੋਂ ਮਸਾਂ 20-25 ਪੈਸੇ ਮਜ਼ਦੂਰ ਦੀ ਦਿਹਾੜੀ ਹੁੰਦੀ ਸੀ ਤੇ ਇਕ ਰੁਪਏ ਦਾ ਚਾਰ ਕਿਲੋਂ ਦੇਸੀ ਘਿਉ ਆ ਜਾਂਦਾ ਸੀ।" ਇਹ ਗੱਲ ਦੱਸਦਿਆਂ ਦਾਦਾ ਜੀ ਨੇ ਨੜਿਨਵੇਂ ਦੇ ਗੇੜ ਬਾਰੇਬੜੀ ਰੌਚਕ ਕਹਾਣੀ ਸੁਣਾਉਣੀ ਸ਼ੁਰੂ ਕੀਤੀ—

"ਇਕ ਦਿਹਾੜੀਦਾਰ ਪਰਿਵਾਰ, ਬਹੁਤ ਹੀ ਸੁਖ-ਸ਼ਾਂਤੀ ਨਾਲ ਜੀਵਨ ਗੁਜ਼ਾਰ ਰਿਹਾ ਸੀ। ਨਿੱਤ ਦੀ ਮਜ਼ਦੂਰੀ ਵਿਚੋਂ ਜੋ ਵੀ ਪੈਸੇ ਬਣਦੇ ਉਹਨਾਂ ਨਾਲ ਅੱਛਾ ਗੁਜ਼ਾਰਾ ਚੱਲੀ ਜਾਂਦਾ ਸੀ। ਜਿੱਦਣ ਕਿਤੇ ਕੰਮ ਵਧ ਮਿਲ ਜਾਂਦਾ ਚਾਰ ਆਨੇ ਵੱਧ ਕਮਾਈ ਹੋ ਜਾਂਦੀ ਓਦਣ ਦੇਸੀ ਘਿਉ ਦੇ ਤੜਕੇ ਲੱਗਦੇ ਤੇ ਪ੍ਰਸ਼ਾਦਬਣਾਇਆ ਜਾਂਦਾ। ਜੇ ਕੋਈ ਭੁੱਖਾ ਪਿਆਸਾ ਆ ਜਾਂਦਾ ਤਾਂ ਉਸਨੂੰ ਵੀ ਰਜਾ ਕੇ ਭੇਜਿਆ ਜਾਂਦਾ। ਇਸ ਪਰਿਵਾਰ ਦਾ ਬਜ਼ੁਰਗ ਅਕਸਰ ਹੀ ਹਜ਼ਰਤ ਮੁਹੰਮਦ ਸਾਹਿਬ ਹੋਰਾਂ ਦੇ ਜੀਵਨ ਦੀ ਮਿਸਾਲ ਦਿਆ ਕਰਦਾ ਸੀ ਕਿ ਹਜ਼ਰਤ ਮੁਹੰਮਦਸਾਹਿਬ

ਘਰ ਵਿਚ ਕੁਝ ਵੀ ਬਚਾ ਕੇ ਨਹੀਂ ਰੱਖਦੇ ਸਨ। ਇਕ ਵਾਰ ਉਹਨਾਂ ਦੀ ਪਤਨੀ ਨੇ ਰਾਤ ਨੂੰ ਕੁਝ ਚਾਵਲ ਬਚਾ ਕੇ ਰੱਖ ਲਏ। ਉਸ ਰਾਤ ਮੁਹੰਮਦ ਸਾਹਿਬ ਨੂੰ ਨੀਂਦ ਨਹੀਂ ਆ ਰਹੀ ਸੀ, ਅੱਧੀ ਰਾਤ ਬੀਤ ਜਾਣ ’ਤੇ ਉਹਨਾਂ ਨੇ ਆਪਣੀ ਪਤਨੀ ਨੂੰ ਪੁੱਛਿਆ ਕਿ ਅੱਜ ਘਰ ਵਿਚ ਕੋਈ ਖਾਣ ਵਾਲੀ ਚੀਜ਼ਬਚਾ ਕੇ ਤਾਂ ਨਹੀਂ ਰੱਖੀ? ਪਤਨੀ ਨੇ ਦੱਸਿਆ ਕਿ ਕੁਝ ਚਾਵਲ ਬਚਾ ਕੇ ਰੱਖੇ ਹਨ, ਸਵੇਰੇ ਬਣਾਉਣ ਲਈ। ਇਹ ਸੁਣ ਕੇ ਮੁਹੰਮਦ ਸਾਹਿਬ ਉਸੇ ਵੇਲੇ ਬਚਾਏ ਹੋਏ ਚਾਵਲ ਲੈ ਕੇ ਤੁਰ ਪਏ, ਕਿਸੇ ਲੋੜਵੰਦ ਨੂੰ ਦੇ ਕੇ ਫੇਰ ਅਰਾਮ ਨਾਲ ਸੁੱਤੇ।

ਮੁਹੰਮਦ ਸਾਹਿਬ ਦੇ ਜੀਵਨ ਦੀ ਇਹ ਘਟਨਾ ਸੁਣਾ ਕੇ ਇਸ ਪਰਿਵਾਰ ਦਾ ਬਜ਼ੁਰਗ ਸਾਰੇ ਟੱਬਰ ਨੂੰ ਇਹੀ ਸਿੱਖਿਆ ਦਿੰਦਾ ਸੀ “ਬਈ ਜੋ ਵੀ ਨਿਆਮਤਾਂ ਕੁਦਰਤ ਵੱਲੋਂ ਪ੍ਰਦਾਨ ਕੀਤੀਆਂ ਜਾਂਦੀਆਂ ਉਹਨਾਂ ਨੂੰ ਜਮ੍ਹਾਂ ਨਹੀਂ ਕਰਨਾ ਚਾਹੀਦਾ। ਉਹਨਾਂ ਨਿਆਮਤਾਂ ਨਾਲ ਕਦੇ ਮੋਹ ਨਹੀਂ ਪਾਉਣਾ ਚਾਹੀਦਾ| ਜੋਵੀ ਦਾਤ ਮਿਲੇ ਵੰਡ ਦੇਣੀ ਚਾਹੀਦੀ ਹੈ। ਜਿੰਨਾ ਵੰਡੋਂਗੇ ਓਨਾ ਹੋਰ ਮਿਲੇਗਾ ਤੇ ਨਾਲ ਖ਼ੁਸ਼ੀ ਮੁਫ਼ਤੀ ਦੀ ਮਿਲ ਜਾਂਦੀ ਏ।” ਸਾਰਾ ਟੱਬਰ ਬਜ਼ੁਰਗ ਦੀ ਇਸ ਸਿੱਖਿਆ ‘ਤੇ ਅਮਲ ਕਰਦਾ ਸਬਰ-ਸ਼ਾਂਤੀ ਵਾਲਾ ਖ਼ੁਸ਼ਹਾਲ ਜੀਵਨ ਗੁਜ਼ਾਰ ਰਿਹਾ ਸੀ।

ਇਸ ਪਰਿਵਾਰ ਦੇ ਗੁਆਂਢ ਵਿਚ ਇਕ ਧਨੀ ਪਰਿਵਾਰ ਰਹਿੰਦਾ ਸੀ। ਇਸ ਪਰਿਵਾਰ ਦਾ ਮੁਖ ਕੰਮ ਪੈਸੇ ਵਿਆਜੂ ਦੇਣਾ ਸੀ। ਮੋਟਾ ਵਿਆਜ ਇਸ ਪਰਿਵਾਰ ਨੂੰ ਦਿਨ-ਬ-ਦਿਨ ਅਮੀਰ ਬਣਾ ਰਿਹਾ ਸੀ। ਇਸ ਪਰਿਵਾਰ ਨੂੰ ਕਿਸੇ ਵਸਤੂ ਦੀ,ਕਿਸੇ ਸਹੂਲਤ ਦੀ ਘਾਟ ਨਹੀਂ ਸੀ ਪਰ ਸ਼ਰਾਪ ਦਾ ਮਾਰਿਆ ਸੀ। ਸ਼ਰਾਪ ਇਹ ਸੀ ਕਿ ਇਸ ਪਰਿਵਾਰ ਦਾ ਕੋਈ ਜੀਅ ਕਦੇ ਹੱਸਦਾ ਨਜ਼ਰ ਨਹੀਂ ਆਉਂਦਾ ਸੀ।ਸਾਰਾ ਟੱਬਰ ਵਿਹਲਾ ਸੀ ਤੇ ਵਿਹਲਾ ਮਨ ਸ਼ੈਤਾਨ ਦਾ ਘਰ ਹੁੰਦਾ।

ਇਸ ਪਰਿਵਾਰਦੇ ਮੈਂਬਰਾਂ ਵਿਚ ਅਕਸਰ ਹੀ ਕਲਹ-ਕਲੇਸ਼ ਚਲਦਾ ਰਹਿੰਦਾ। ਅੱਧੀ-ਅੱਧੀ ਰਾਤ ਤਕ ਝਗੜਦੇ ਰਹਿੰਦੇ ਤੇ ਸਵੇਰੇ ਸੂਰਜ ਚੜ੍ਹਨ ਪਿੱਛੋਂ ਉਠਦੇ।

ਇਕ ਦਿਨ ਇਸ ਪਰਿਵਾਰ ਦੇ ਪਤੀ-ਪਤਨੀ ਬੈਠੇ-ਬੈਠੇ ਗਵਾਂਢੀਆਂ ਬਾਰੇ ਗੱਲਾਂ ਕਰਨ ਲਗ ਪਏ। ਪਤਨੀ ਨੇ ਕਿਹਾ, “ਮੈਨੂੰ ਸਮਝ ਨਹੀਂ ਆਉਂਦੀ ਆਪਣੇ ਘਰ ਸਭ ਕੁਝ ਹੈ। ਪੈਸੇ ਧੇਲੇ ਦੀ ਕੋਈ ਕਮੀ ਨਹੀਂ, ਹਰ ਚੀਜ਼ ਸਾਡੇ ਕੋਲ ਹੈ, ਪਰ ਸ਼ਾਂਤੀ ਕਿਉਂ ਨਹੀਂ ਮਿਲਦੀ। ਆਪਣੇ ਗੁਆਂਢੀਆਂ ਕੋਲ ਕੋਈ ਪੈਸਾ ਨਹੀਂ, ਦਿਹਾੜੀ ਕਰਦੇ ਨੇ ਪਰ ਹਰ ਵੇਲੇ ਹੱਸਦੇ ਰਹਿੰਦੇ ਨੇ ਤੀਜੇ ਦਿਨ ਇਹਨਾਂ ਘਰੋਂ ਪ੍ਰਸ਼ਾਦ ਦੀ ਖ਼ੁਸ਼ਬੋ ਆਉਣ ਲੱਗਦੀ ਏ। ਮੈਨੂੰ ਤਾਂ ਈਰਖਾ ਹੁੰਦੀ ਏ ਇਹਨਾਂ ਦੇ ਰੰਗ ਢੰਗ ਨਾਲ।” ਪਤਨੀ ਦੀਆਂ ਇਹ ਗੱਲਾਂ ਸੁਣ ਕੇ ਪਤੀ ਨੇ ਸਹਿਜ ਸੁਭਾਵਕ ਹੀ ਕਿਹਾ, ਇਹ ਅਜੇ ਨੜ੍ਹਿਨਵੇਂ ਦੇ ਗੇੜ ਵਿਚ ਨਹੀਂ ਪਏ, ਇਸੇ ਲਈ ਖ਼ੁਸ਼ ਰਹਿੰਦੇ ਨੇ, ਏਸੇ ਲਈ ਖੁੱਲ੍ਹਾ ਖਰਚ ਕਰੀ ਜਾਂਦੇ ਹਨ।

ਪਤਨੀ ਨੇ ਆਪਣੇ ਪਤੀ ਤੋਂ ਨੜ੍ਹਿਨਵੇਂ ਦੇ ਗੇੜ ਵਾਲੀ ਗੱਲ ਦੀ ਪੂਰੀ ਜਾਣਕਾਰੀ ਲਈ ਤੇ ਨਾਲ ਦੀ ਨਾਲ ਹੀ ਗੁਆਂਢੀਆਂ ਨੂੰ ਇਸ ਗੇੜ ਵਿਚ ਪਾਉਣ ਬਾਰੇ ਢੰਗ ਸੋਚਣ ਲੱਗ ਪਈ। ਸਾਰੀ ਰਾਤ ਸੋਚ-ਸੋਚ ਕੇ ਸਵੇਰ ਨੂੰ ਉਹਨੇ ਇਕ ਰੁਪੱਈਆ ਗੁਆਂਢਣ ਦੇ ਚੁੱਲ੍ਹੇ ਕੋਲ ਸੁੱਟ ਦਿੱਤਾ।

ਅਗਲੇ ਦਿਨ ਜਦੋਂ ਗੁਆਂਢਣ ਨੇ ਚੁੱਲ੍ਹੇ ਕੋਲ ਇਕ ਰੁਪਈਆ ਪਿਆ ਵੇਖਿਆ ਤਾਂ ਬੇਹੱਦ ਹੈਰਾਨ ਤੇ ਪ੍ਰਸੰਨ ਹੋਈ। ਫਿਰ ਫਟਾਫਟ ਲੁਕੋ ਕੇ ਪਾਸੇ ਸਾਂਭ ਲਿਆ। ਉਹ ਸੋਚਣ ਲੱਗ ਪਈ। ਕਿ ਜੇਕਰ ਥੋੜ੍ਹੇ-ਥੋੜ੍ਹੇ ਪੈਸੇ ਰੋਜ਼ ਬਚਾ ਲਏ ਜਾਣ ਤਾਂ ਇਕ ਰੁਪੱਈਆ ਹੋਰ ਜੋੜਿਆ ਜਾ ਸਕਦਾ। ਇਉਂ ਦਸ ਕੁ ਦਿਨਾਂ ਵਿਚ ਦੋ ਰੁਪਏ ਜੋੜੇ ਜਾ ਸਕਦੇ ਹਨ।ਇਉਂ ਹੀ ਅਗਲੇ ਦਸ ਦਿਨਾਂ ਤਕ ਤਿੰਨ ਫਿਰ ਚਾਰ

ਪੰਜ ਤੇ ਇਉਂ ਕਰਦਿਆਂ-ਕਰਦਿਆਂ ਜੇਕਰ ਨੜ੍ਹਿਨਵੇਂ ਰੁਪਈਏ ਜੋੜ ਲਈਏ ਤਾਂ ਪੂਰੇ ਸੌ ਦੇ ਮਾਲਕ ਬਣ ਸਕਦੇ ਹਾਂ।

ਬਸ ਓਸੇ ਦਿਨ ਤੋਂ ਇਸ ਪਰਿਵਾਰ ਵਿਚ ਖੁੱਲ੍ਹਾ ਡੁੱਲ੍ਹਾ ਖਾਣਾ ਬੰਦ ਹੋ ਗਿਆ। ਸਾਰੇ ਪਰਿਵਾਰ ਦੀ ਸਿਹਤ ਕਮਜ਼ੋਰ ਹੋਣ ਲੱਗੀ। ਸਾਰਾ ਧਿਆਨ ਨੜ੍ਹਿਨਵੇਂ ਰੁਪਈਏ ਜੋੜਨ 'ਤੇ ਲੱਗ ਪਿਆ। ਜੇ ਕੋਈ ਮੈਂਬਰ ਜ਼ਰਾ ਵੱਧ ਖਰਚ ਕਰਕੇ ਘਰ ਆਉਂਦਾ ਤਾਂ ਉਸ ਨਾਲ ਘਰ ਵਿਚ ਕਲੇਸ਼ ਸ਼ੁਰੂ ਹੋ ਜਾਂਦਾ ਸੀ। ਇਸਵਿਹਾਰ ਨਾਲ ਘਰ ਦੇ ਜੀਆਂ ਵਿਚ ਕੰਮ ਕਰਨ ਦੀ ਸਮਰੱਥਾ ਵੀ ਘਟਣ ਲੱਗੀ।ਹੁਣ ਜੇ ਕੋਈ ਭੁੱਖਾ ਪਿਆਸਾ ਮੰਗਣ ਵੀਆਉਂਦਾ ਸੀ ਤਾਂ ਉਹਨੂੰ ਵੀ ਬਾਹਰ ਤੋਂ ਹੀ ਬਗ਼ੈਰ ਭਿੱਖਿਆ ਦਿੱਤੇ ਮੋੜ ਦਿੱਤਾ ਜਾਂਦਾ। ਘਰ ਦਾ ਸਿਆਣਾ ਬਜ਼ੁਰਗ ਜੋ ਅਕਸਰ ਹੀ ਹਜ਼ਰਤ ਮੁਹੰਮਦ ਸਾਹਿਬ ਜੀ ਦੀ ਖੁਲ੍ਹ-ਦਿਲੀ ਤੇ ਫ਼ਕੀਰੀ ਦੀਗੱਲ ਸੁਣਾਉਂਦਾ ਹੁੰਦਾ ਸੀ ਉਹ ਪਰਿਵਾਰ ਦੀ ਨਿਘਰਦੀ ਹਾਲਤ ਵੇਖ ਨਾ ਸਕਿਆ। ਛੇਤੀ ਹੀ ਚਲਾਣਾ ਕਰ ਗਿਆ। ਨੜ੍ਹਿਨਵੇਂ ਦਾ ਗੇੜ ਸਾਰੇ ਟੱਬਰ ਦੀ ਖ਼ੁਸ਼ਹਾਲੀ, ਹਲੀਮੀ, ਦਰਿਆਦਿਲੀ, ਖੁਸ਼ੀਆਂ ਖੇੜੇ ਹੜੱਪ ਗਿਆ।"

ਦਾਦਾ ਜੀ ਨੇ ਇਹ ਬਾਤ ਸੁਣਾ ਕੇ ਕਿਹਾ, ਦੇਖ ਲਓ, ਏਨਾ ਭੈੜਾ ਹੁੰਦਾ, ਇਹ ਨੜ੍ਹਿਨਵੇਂ ਦਾ ਗੇੜ ! ਬੜੇ ਲੋਕ ਇਸ ਧਰਤੀ 'ਤੇ ਆਏ ਤੇ ਚਲੇ ਗਏ। ਇਸ ਗੇੜ ਵਿਚ ਪੈ ਕੇ ਉਹ ਮੁੱਕ ਗਏ ਪਰ ਇਹ ਗੇੜ ਨਾ ਮੁੱਕਿਆ।

ਅਸੀਂ ਹੈਰਾਨੀ ਨਾਲ ਪੁੱਛਿਆ, "ਦਾਦਾ ਜੀ, ਕਈ ਲੋਕਾਂ ਕੋਲ ਤਾਂ ਪਹਿਲਾਂ ਹੀ ਹਜ਼ਾਰਾਂ ਲੱਖਾਂ ਰੁਪਏ ਹੁੰਦੇ ਨੇ। ਇਸ ਗੇੜ ਵਿਚ ਉਹੀ ਲੋਕ ਪੈਂਦੇ ਨੇ, ਜਿਨ੍ਹਾਂ ਕੋਲ ਪੂਰਾ ਸੌ ਰੁਪਿਆ ਨਹੀਂ ਬਣਦਾ? ਬਾਤ ਤਾਂ ਇਹੀ ਦੱਸਦੀ ਏ ਨਾ? "ਨਹੀਂ ਪੁੱਤਰੋ! ਮੈਂ ਪਹਿਲਾਂ ਦੱਸ ਦਿੱਤਾ ਸੀ ਕਿ ਬਾਤ ਬਹੁਤ ਪੁਰਾਣੀ ਏ, ਓਦੋਂ ਦਾ ਸੌਵੀ ਅੱਜ ਦੇ ਲੱਖ ਵਰਗਾ ਸੀ। ਹਰ ਘਰ ਦਾ, ਹਰ ਜ਼ਮਾਨੇ ਦਾ ਆਪਣਾ-ਆਪਣਾ

ਨੜ੍ਹਿਨਵੇਂ ਦਾ ਗੇੜ ਹੁੰਦਾ। ਅੱਜ ਜੀਹਦੇ ਕੋਲ ਇਕ ਲੱਖ ਹੈ ਉਹ ਨੜ੍ਹਿਨਵੇਂ ਇੱਕਠੇ ਕਰਕੇ ਕਰੋੜਪਤੀ ਬਣਨ ’ਤੇ ਸਾਰੀ ਉਮਰ ਲਾ ਦਿੰਦਾ, ਜੀਹਦੇ ਕੋਲ ਇਕਕਰੋੜ ਹੈ ਉਹ ਨੜ੍ਹਿਨਵੇਂ ਕਰੋੜ ਇੱਕਠੇ ਕਰਨ ਦੇ ਗੇੜ ਵਿਚ ਪੈ ਕੇ ਅਰਬਪਤੀ ਬਣਨ ਦੇ ਸੁਪਨੇ ਵੇਖਣ ਲੱਗਦਾ। ਬਸ ਇਸ ਗੇੜ ਦਾ ਸੁਭਾਅ ਸਮਝ ਲਓ। ਇਹ ਕਦੇ ਨਹੀਂ ਮੁਕਦਾ, ਬੰਦਾ ਮੁੱਕ ਜਾਂਦਾ।ਬਹੁਤ ਘੱਟ ਗਿਣਤੀ ਦੇ ਸਿਆਣੇ ਪੁਰਸ਼ਹੁੰਦੇ ਹਨ ਜਿਹੜੇ ਇਸ ਗੇੜ ਨੂੰ ਸਮਝ ਕੇ, ਪਾਸੇ ਖਲੋ ਕੇ ਇਸਦਾ ਤਮਾਸ਼ਾ ਵੇਖਣ ਦੀ ਯੋਗਤਾ ਰੱਖਦੇ ਹਨ।” ਬਾਤ ਸੁਣਾ ਕੇ ਦਾਦਾ ਜੀ ਨੇ ਸਾਨੂੰ ਮਾਇਆ ਦਾ ਤਾਂ ਪੂਰਾ ਖੇਲ੍ਹ ਸਮਝਾ ਹੀ ਦਿੱਤਾ, ਨਾਲ ਹੀ ਹਰ ਜ਼ਮਾਨੇ ਦੀ ਚਾਲ ਢਾਲ ਸਮਝਣਦੇ ਯੋਗ ਵੀ ਬਣਾ ਦਿੱਤਾ।

# ਆਪੇ ਫਾਥੜੀਏ ਤੈਨੂੰ ਕੌਣ ਬਚਾਵੇ

ਇਕ ਜੱਟ ਦੀ ਘਰਵਾਲੀ ਭੱਤਾ ਲੈ ਕੇ ਜਾ ਰਹੀ ਸੀ। ਜਦੋਂ ਉਹ ਸੁੰਨਸਾਨ ਰਸਤੇ ਵਿਚੋਂ ਲੰਘ ਰਹੀ ਸੀ ਤਾਂ ਇਕ ਗਿੱਦੜ ਉਹਦੇ ਸਾਹਮਣੇ ਆ ਖੜਿਆ ਤੇ ਉੱਚੀ-ਉੱਚੀ ਬੋਲ ਕੇ ਉਹਨੂੰ ਡਰਾਉਣ ਲੱਗਾ। ਉਹਦੇ ਸਿਰ ‘ਤੇ ਚੁੱਕੇ ਰੋਟੀਆਂ ਵਾਲੇ ਛਾਬੇ ਵੱਲ ਵੇਖਦਾ ਹੋਇਆ ਕਹਿਣ ਲੱਗਾ :

ਕਰਦੇ ਬੁਰਕੀਆਂ ਚੁਰਕੀਆਂ,
ਚਾਹੇ ਗੁੜ ਤੇ ਚਾਹੇ ਮਿਰਚੀਆਂ।
ਸਾਨੂੰ ਸਾਰਾ ਕੁਝ ਸਵੀਕਾਰ,
ਅਸੀਂ ਹਾਂ ਜੱਟ ਦੇ ਲਹਿਣੇਦਾਰ।

ਗਿੱਦੜ ਦਾ ਇਹ ਰੂਪ ਵੇਖ ਕੇ ਜੱਟ ਦੀ ਘਰਵਾਲੀ ਘਬਰਾ ਗਈ। ਉਹ ਸਾਰਾ ਭੋਜਨ ਗਿੱਦੜ ਅੱਗੇ ਸੁੱਟ ਕੇ ਪਿੱਛਲ ਪੈਰੀਂ ਹੋ ਤੁਰੀ। ਘਰ ਜਾ ਕੇ ਦੁਬਾਰਾ ਰੋਟੀਆਂ ਪਕਾਈਆਂ, ਸਬਜ਼ੀ ਧਰੀ। ਮਸਾਂ ਆਥਣ ਤੱਕ ਜੱਟ ਕੋਲ ਰੋਟੀ ਲੈ ਕੇ ਪਹੁੰਚੀ।ਜੱਟ ਨੇ ਏਨੀ ਦੇਰੀ ਦਾ ਕਾਰਨ ਪੁੱਛਿਆ ਉਹਨੇ ਸਾਰੀ ਵਿੱਥਿਆ ਸੁਣਾਦਿੱਤੀ।ਜੱਟ ਨੇ ਕਿਹਾ, “ਚਲੋ ਹੁਣ ਤਾਂ ਮੈਂ ਹਲ ਵਾਹ ਰਿਹਾ ਹਾਂ ਤੇ ਹੁਣ

ਗਿੱਦੜ ਵੀ ਛੇਤੀ ਕੀਤੇ ਨਹੀਂ ਲੱਭਣਾ। ਤੂੰ ਕੱਲ੍ਹ ਨੂੰ ਉਸੇ ਵੇਲੇ ਉਸੇ ਰਾਹ ਥਾਣੀਂ ਭੱਤਾ ਲੈ ਕੇ ਆਵੀਂ। ਉਹਨੂੰ ਹੁਣ ਮੂੰਹ ਪੈ ਗਿਆ। ਉਹ ਕੱਲ੍ਹ ਨੂੰ ਵੀ ਤੈਨੂੰ ਜ਼ਰੂਰ ਘੇਰੂਗਾ।

ਅਗਲੇ ਦਿਨ ਜਦੋਂ ਜੱਟ ਦੀ ਘਰਵਾਲੀ ਉਸ ਰਾਹ ਵਿਚੋਂ ਲੰਘਣ ਲੱਗੀ ਤਾਂ ਗਿੱਦੜ ਪਹਿਲਾਂ ਹੀ ਓਥੇ ਖੜ੍ਹਾ ਸੀ। ਓਥੇ ਹੀ ਜੱਟ ਵੀ ਮੋਟਾ ਸਾਰਾ ਸੋਟਾ ਤੇ ਰੱਸਾ ਲੈ ਕੇ ਇਕ ਦਰੱਖਤ ਓਹਲੇ ਲੁਕ ਕੇ ਬੈਠ ਗਿਆ। ਜਿਉਂ ਹੀ ਜੱਟ ਦੀ ਘਰਵਾਲੀ ਗਿੱਦੜ ਦੇ ਨੇੜੇ ਆਈ ਤਾਂ ਛਾਲਾਂ ਮਾਰ ਕੇ ਉਹ ਉੱਚੀ-ਉੱਚੀ ਆਖਣ ਲੱਗਾ:

ਕਰਦੇ ਬੁਰਕੀਆਂ ਚੁਰਕੀਆਂ,
ਚਾਹੇ ਗੁੜ ਤੇ ਚਾਹੇ ਮਿਰਚੀਆਂ।
ਸਾਨੂੰ ਸਾਰਾ ਕੁਝ ਸਵੀਕਾਰ,
ਅਸੀਂ ਹਾਂ ਜੱਟ ਦੇ ਲਹਿਣੇਦਾਰ।

ਗਿੱਦੜ ਆਪਣੀ ਮਸਤੀ ਵਿਚ ਟਪੂਸੀਆਂ ਮਾਰੀ ਜਾ ਰਿਹਾ ਸੀ। ਜੱਟ ਨੇ ਪਿੱਛੋਂ ਦੀ ਆ ਕੇ ਰੱਸੇ ਦਾ ਵਲਾਵਾਂ ਓਹਦੇ ਗਲ ਵਿਚ ਪਾ ਦਿੱਤਾ। ਇਸ ਰੱਸੇ ਦਾ ਇਕ ਸਿਰਾ ਓਹਨੇ ਪਹਿਲਾਂ ਹੀ ਇਕ ਦਰੱਖਤ ਦੇ ਮੁੱਢ ਨਾਲ ਬੰਨ੍ਹ ਰੱਖਿਆ ਸੀ। ਗਿੱਦੜ ਦੇ ਗਲ ਵਿਚ ਵਲਾਵਾਂ ਪਾ ਕੇ ਨਾਲ ਦੀ ਨਾਲ ਹੀ ਮੋਟਾ ਸਾਰਾਸੋਟਾ ਉਹਦੀ ਪਿੱਠ ‘ਤੇ ਜੜ ਦਿੱਤਾ। ਗਿੱਦੜ ਭੱਜਣ ਜੋਗਾ ਵੀ ਨਹੀਂ ਸੀ। ਰੱਸੇ ਦੇ ਵਲਾਵੇਂ ਵਿਚ ਫਸਿਆ ਉਹ ਦਰੱਖਤ ਦੇ ਆਲੇ-ਦੁਆਲੇ ਹੀ ਗੇੜੇ ਕੱਢੀ ਜਾ ਰਿਹਾ ਸੀ। ਜੱਟ ਸੋਟਿਆਂ ਦਾ ਮੀਂਹ ਵਰ੍ਹਾ ਰਿਹਾ ਸੀ ਤੇ ਗਿੱਦੜ ਉੱਚੀ-ਉੱਚੀ ਚੀਕਾਂ ਮਾਰਦਾ ਹੋਇਆ ਜੱਟ ਦੇ ਤਰਲੇ ਮਿੰਨਤਾਂ ਕਰ ਰਿਹਾ ਸੀ। ਜੱਟ ਡੰਡੇਵਰ੍ਹਾਉਂਦਾ ਆਖ ਰਿਹਾ ਸੀ, “ਤੇਰੀ ਵਜ੍ਹਾ ਕਰਕੇ ਮੈਂ ਕੱਲ੍ਹ ਸਾਰਾ ਦਿਨ ਭੁੱਖਾ ਮਰਿਆ, ਅੱਜ ਤੈਨੂੰ ਜਾਨੋਂ ਮਾਰ ਕੇ ਛੱਡੂੰ ਅੱਗੇ ਤੋਂ ਤੂੰ ਤਾਂ ਕੀ ਤੇਰੀ ਬਰਾਦਰੀ ਵਿਚੋਂ ਕੋਈ ਵੀ ਇਹੋ ਜਿਹੀ ਗਲਤੀ ਨਹੀਂ ਕਰੂਗਾ।

ਗਿੱਦੜ ਰੋ-ਰੋ ਕੇ ਹਾੜੇ ਕੱਢ ਰਿਹਾ ਸੀ, “ਰੱਬ ਦੇ ਵਾਸਤੇ ਮੈਨੂੰ ਇਕ ਵਾਰੀ ਮਾਫ਼ ਕਰ ਦੇ, ਅੱਜ ਮੇਰੀ ਜਾਨ ਬਖ਼ਸ਼ ਦੇ, ਸਾਰੀ ਉਮਰ ਤੇਰੀ ਸੇਵਾ ਕਰੂੰਗਾ, ਜੋ ਕੰਮ ਆਖੇਂਗਾ ਉਹੀ ਕਰੂੰਗਾ,ਬਸ ਇਕ ਵਾਰੀ ਮਾਫ਼ ਕਰ ਦੇ, ਮੇਰੀ ਜਾਨ ਬਖ਼ਸ਼ ਦੇ। ਜੱਟ ਸੋਚਣ ਲੱਗਾ, “ਜੇ ਮੈਂ ਇਹਨੂੰ ਮਾਰ ਵੀ ਦੇਵਾਂਗਾ ਤਾਂ ਮੈਨੂੰ ਕੀ ਮਿਲ ਜਾਣਾ! ਹੁਣ ਜਦੋਂ ਇਹ ਹਰ ਗੱਲ ਮੰਨਣ ਨੂੰ ਤਿਆਰ ਹੈ ਤਾਂ ਕਿਉਂ ਨਾ ਇਹਦੇ ਤੋਂ ਕੱਲ੍ਹ ਤੋਂ ਹੀ ਖੇਤ ਦਾ ਕੰਮ ਕਰਵਾਉਣਾ ਸ਼ੁਰੂ ਕਰਾਂ, ਵੱਡਾ ਸੁਹਾਗਾ ਨਾ ਸਹੀ ਛੋਟਾ ਤਾਂ ਮਾਰ ਹੀ ਦਿਆ ਕਰੂ।ਛੋਟੇ ਵਹਿੜਕੇ ਨਾਲ ਜੋੜ ਦਿਆ ਕਰਾਂਗੇ, ਨਾਲੇ ਅਜੇ ਕਮਾਦ ਵੱਢਣ ਵਾਲਾ ਪਿਆ।” ਇਹ ਗੱਲਾਂ ਸੋਚ ਕੇ ਜੱਟਨੇ ਗਿੱਦੜ ਨੂੰ ਕੁੱਟਣਾ ਬੰਦ ਕਰ ਦਿੱਤਾ। ਸਵੇਰ ਤੋਂ ਆਥਣ ਤਕ ਕੰਮ ਲਿਆ ਕਰੇ  ਤੇ ਘਰ ਜਾਣ ਲੱਗਾ ਰੱਸੇ ਨਾਲ ਬੰਨ੍ਹ ਜਾਇਆ ਕਰੇ। ਇਉਂ ਕਈ ਦਿਨ ਬੀਤ ਗਏ।

ਇਕ ਦਿਨ ਜੱਟ ਨੇ ਸਵੇਰੇ ਆਣ ਕੇ ਵੇਖਿਆ ਕਿ ਜਿਸ ਰੱਸੇ ਨਾਲ ਗਿੱਦੜ ਬੰਨ੍ਹਿਆ ਸੀ ਉਹ ਵਿਚਕਾਰੋਂ ਕਾਫ਼ੀ ਸਾਰਾ ਦੰਦੀਆਂ ਨਾਲ ਚੱਬਿਆ ਪਿਆ ਸੀ।ਪੂਰਾ ਪਤਾ ਲੱਗ ਰਿਹਾ ਸੀ ਕਿ ਗਿੱਦੜ ਨੇ ਸਾਰੀ ਰਾਤ ਰੱਸਾ ਵੱਢਣ ਦੀ ਕੋਸ਼ਿਸ਼ ਕੀਤੀ ਪਰ ਕਾਮਯਾਬ ਨਾ ਹੋ ਸਕਿਆ। ਜੱਟ ਨੇ ਇਹ ਸਭ ਵੇਖ ਕੇ ਆਪਣਾਮੋਟਾ ਸੋਟਾ ਚੁੱਕਿਆ ਤੇ ਗਿੱਦੜ ’ਤੇ ਵਰ੍ਹਾਉਣਾ ਸ਼ੁਰੂ ਕਰ ਦਿੱਤਾ। ਏਨਾ ਕੁੱਟਿਆ, ਏਨਾ ਕੁੱਟਿਆ ਕਿ ਉਸਦਾ ਪਿੰਡਾ ਸੁਜਾ ਦਿੱਤਾ। ਸਾਰਾ ਦਿਨ ਉਹਨੂੰ ਭੁੱਖਾ ਰੱਖਿਆ, ਗਿੱਦੜ ਜਦੋਂ ਵੀ ਤਰਲੇ ਮਿੰਨਤਾਂ ਕਰਨ ਲਈ ਮੂੰਹ ਖੋਲ੍ਹਦਾ ਉਹਦੇ ਮੂੰਹ ‘ਤੇ ਡੰਡਾ ਵੱਜਦਾ। ਇਉਂ ਉਹਨੂੰ ਕੁੱਟ-ਕੁੱਟ ਕੇ ਮਰਿਆਂ ਬਰਾਬਰ ਕਰ ਦਿੱਤਾ। ਜਦੋਂ ਗਿੱਦੜ ਬਿਲਕੁਲ ਟੱਸ ਤੋਂ ਮੱਸ ਨਾ ਹੋਇਆ ਤਾਂ ਜੱਟ ਨੇ ਸੋਚਿਆ, ਓਹ ਆਹ ਕੀ ਹੋ ਗਿਆ, ਮੈਥੋਂ! ਕਿਤੇ ਮਰ ਈ ਨਾ ਜਾਵੇ ਸਵੇਰ ਤਕ, ਅਜੇ ਤਾਂ ਅੱਧਾ ਕਮਾਦ ਪਿਆ, ਮੁਫ਼ਤੀ ਦਾ ਕਾਮਾ ਹੱਥੋਂ ਨਾ ਗਵਾਚ ਜਾਵੇ ਕਿਤੇ!” ਇਹ ਸੋਚ ਕੇ ਜੱਟ ਤੁਰੰਤ ਘਰ ਗਿਆ ਤੇ ਘਰੋਂ ਸਰੋਂ ਦਾ ਤੇਲ, ਹਲਦੀ ਤੇ ਭੋਜਨ ਲੈ ਕੇ ਆ ਗਿਆ। ਆਣ ਕੇ ਹੌਲੀ-ਹੌਲੀ ਗਿੱਦੜ ਦੀ ਮਾਲਸ਼ਕਰਨ ਲੱਗਾ। ਜਿਥੇ

ਕਿਤੇ ਜ਼ਖ਼ਮ ਸੀ, ਓਥੇ ਹਲਦੀ ਦਾ ਲੇਪ ਕਰਨ ਲੱਗਾ ਤੇ ਨਾਲ ਹੀ ਭੋਜਨ ਛਕਾਉਣ ਲੱਗਾ।

ਓਥੇ ਦੂਰ ਤੋਂ ਇਕ ਦੂਸਰਾ ਗਿੱਦੜ ਇਹ ਸਭ ਕੁਝ ਵੇਖ ਰਿਹਾ ਸੀ। ਜਦੋਂ ਜੱਟ ਉਥੋਂ ਚਲਾ ਗਿਆ ਤਾਂ ਉਹ ਕੋਲ ਆਣ ਕੇ ਪੁੱਛਣ ਲੱਗਾ, ਉਸਤਾਦ ਜੀ! ਜੱਟ ਦੇ ਸਿਰ 'ਤੇ ਕਿਹੜਾ ਮੰਤਰ ਚਲਾਇਆ ਏ? ਏਨੀ ਸੇਵਾ ਤਾਂ ਕੋਈ ਸਕੇ ਪਿਉ ਦੀ ਵੀ ਨਹੀਂ ਕਰਦਾ! ਖਾ-ਖਾ ਕੇ ਮਾਲਸ਼ਾਂ ਕਰਵਾ ਕੇ ਏਨੇ ਰਾਜ਼ੀ ਹੋਏਪਏ ਹੋ! ਸਾਨੂੰ ਵੀ ਕੋਈ ਨੁਸਖਾ ਦੱਸ ਦਿਉ।

ਗਿੱਦੜ ਵਿਚਾਰੇ ਤੋਂ ਪੀੜ ਕਰਕੇ ਬੋਲਿਆ ਵੀ ਨਹੀਂ ਜਾ ਰਿਹਾ ਸੀ।ਉਹ ਸੋਚ ਰਿਹਾ ਸੀ ਜਿਸ ਮੂਰਖ ਨੂੰ ਮੇਰੇ ਜ਼ਖ਼ਮ ਨਹੀਂ ਦਿਸਦੇ, ਸੁੱਜੇ ਸਰੀਰ ਨੂੰ ਮੇਰਾ ਰਾਜ਼ੀ ਹੋਣਾ ਸਮਝੀ ਜਾਂਦਾ, ਇਹਨੂੰ ਹੋਰ ਮੂਰਖ ਬਣਾ ਦੇਣਾ ਚਾਹੀਦਾ।ਇਹਨੂੰ ਵੀ ਇਉਂ ਮੋਟੇ ਹੋਣ ਦਾ ਵੱਲ ਸਿਖਾ ਦੇਣਾ ਚਾਹੀਦਾ। ਇਹ ਸੋਚ ਕੇ ਉਹਨੇ ਉਸ ਗਿੱਦੜ ਨੂੰ ਕਿਹਾ,

"ਦੇਖ ਮੇਰੇ ਵੀਰ, ਇਹੋ ਜਿਹੀ ਸੇਵਾ ਕਰਾਉਣੀ ਬਹੁਤ ਔਖੀ ਏ। ਮੈਂ ਇਹ ਨੁਸਖ਼ਾ ਕਦੇ ਆਪਣੀ ਘਰਵਾਲੀ ਨਾਲ ਵੀ ਸਾਂਝਾ ਨਹੀਂ ਕੀਤਾ। ਤੂੰ ਜੇ ਆਸ ਲੈ ਕੇ ਆ ਹੀ ਗਿਆ ਏਂ ਤਾਂ ਤੈਨੂੰ ਨਿਰਾਸ਼ ਨਹੀਂ ਮੋੜਾਂਗਾ। ਪਰ ਇਕ ਡਰ ਏ ਮੇਰੇ ਮਨ ਵਿਚ।"

ਦੂਜਾ ਗਿੱਦੜ ਕਾਹਲੀ ਨਾਲ ਬੋਲਿਆ, "ਉਹ ਕੀ ਉਸਤਾਦ ਜੀ?"ਪਹਿਲੇ ਗਿੱਦੜ ਨੇ ਕਿਹਾ, "ਉਹ ਇਹ ਕਿ ਮੈਥੋਂ ਮੰਤਰ ਲੈ ਕੇ ਤੂੰ ਕੱਲ੍ਹ ਨੂੰ ਜੱਟ 'ਤੇ ਚਲਾ ਦੇਣਾ, ਫਿਰ ਜੱਟ ਨੇ ਤੇਰੇ ਵੀ ਅਧੀਨ ਹੋ ਜਾਣਾ ਹੁਣ ਤਾਂ ਮੈਂ ਇੱਕਲਾ ਰਾਜਾ ਹਾਂ, ਫਿਰ ਦੋ ਰਾਜੇ ਇਕ ਖੇਤ ਵਿਚ ਕਿਵੇਂ ਰਹਿਣਗੇ? ਤੈਨੂੰ ਥੋੜ੍ਹੀ ਜਿਹੀ ਖੇਚਲਕਰਨੀ ਪਵੇਗੀ।"

ਦੂਜਾ ਗਿੱਦੜ ਫਟਾਫਟ ਬੋਲਿਆ, "ਹੁਕਮ ਉਸਤਾਦ ਜੀ! ਜੋ ਆਖੋਗੇ ਉਹੀ ਕਰਾਂਗਾ।"

ਪਹਿਲਾ ਗਿੱਦੜ ਆਖਣ ਲੱਗਾ, "ਦੇਖ ਭਰਾਵਾਂ ਤੈਥੋਂ ਲੁਕੋ ਕੀ ਰੱਖਣਾ! ਅੱਜ ਜੱਟ ਨੇ ਭੋਜਨ ਬਹੁਤਾ ਖੁਆ ਦਿੱਤਾ ਤੇ ਹੁਣ ਮੈਥੋਂ ਤੁਰਿਆ ਨਹੀਂ ਜਾਣਾ ਜਾਂ ਤਾਂ ਇਉਂ ਕਰ ਕਿ ਮੇਰਾ-ਖਾਣਾ ਹਜ਼ਮ ਹੋ ਜਾਣ ਦੇ, ਫਿਰ ਗੱਲ ਕਰਾਂਗੇ ਤੇ ਜਾਂ ਫਿਰ ਇਉਂ ਕਰ ਮੈਨੂੰ ਸਹਾਰਾ ਦੇ ਜ਼ਰਾ, ਚੱਲ ਵਧੀਆ ਜਿਹਾ ਖੇਤ ਵੇਖਦੇ ਹਾਂ, ਮੈਨੂੰ ਓਥੇ ਛੱਡ ਦੇਵੀਂ ਤੇ ਤੂੰ ਇਥੇ ਮੁੜ ਆਵੀਂ, ਜਿਹੜਾ ਮੰਤਰ ਤੂੰ ਮੰਗਰਿਹਾਂ ਉਹ ਤੈਨੂੰ ਰਸਤੇ ਵਿਚ ਹੀ ਰਟਾ ਦਿਆਂਗਾ।"

ਦੂਜੇ ਗਿੱਦੜ ਨੇ ਉਸੇ ਵੇਲੇ ਉਹਨੂੰ ਕੰਧੇੜੀ 'ਤੇ ਚੜ੍ਹਾ ਲਿਆ ਤੇ ਤੁਰ ਪਿਆ। ਰਸਤੇ ਵਿਚ ਮੰਤਰ ਲੈਣ ਦੀ ਕਾਹਲੀ ਕਰਨ ਲੱਗਾ। ਕੰਧੇੜੀ ਚੜ੍ਹੇ ਗਿੱਦੜ ਨੇ ਕਿਹਾ, "ਲੈ ਮੈਂ ਮੰਤਰ ਬੋਲਦਾਂ ਤੇ ਤੂੰ ਪਿੱਛੇ ਪਿੱਛੇ ਬੋਲੀਂ-

ਰੱਬਾ ਸੁਣ ਲੈ ਦੁਆਵਾਂ
ਮੈਂ ਵੀ ਰਾਜਾ ਬਣ ਜਾਵਾਂ
ਖਾਵਾਂ ਪੱਕੀਆਂ ਪਕਾਈਆਂ
ਨਾਲੇ ਮਾਲਸ਼ਾਂ ਕਰਾਵਾਂ
ਸੇਵਾ ਜੱਟ ਤੋਂ ਕਰਾਕੇ
ਮੈਂ ਵੀ ਮੋਟਾ ਹੁੰਦਾ ਜਾਵਾਂ
ਬਣ ਜੱਟ ਦਾ ਪ੍ਰਾਹੁਣਾ
ਨਿੱਤ ਸੇਵਾ ਮੈਂ ਕਰਾਵਾਂ.....

ਦੂਜੇ ਗਿੱਦੜ ਨੇ ਵਾਰ-ਵਾਰ ਪਿੱਛੇ-ਪਿੱਛੇ ਬੋਲ ਕੇ ਇਹ ਬੋਲ ਰਟ ਲਏ।ਕੰਧੇੜੀ ਚੜ੍ਹੇ ਗਿੱਦੜ ਨੇ ਉਹਨੂੰ ਰੋਕ ਕੇ ਕਿਹਾ, "ਲੈ ਯਾਰਾਂ ਨੂੰ ਇਥੇ ਹੀ ਛੱਡ ਦੇ ਤੇ ਮੰਤਰ-ਜਾਪ ਦਾ ਤਰੀਕਾ ਸਿੱਖ ਲੈ—

ਇਹ ਮੰਤਰ ਤਾਰਿਆਂ ਦੀ ਛਾਵੇਂ ਜਪਣਾ ਹੈ। ਜਿਥੇ ਆਪਾਂ ਬੈਠੇ ਸੀ ਓਥੇ ਇਕ ਰੱਸਾ ਦਰੱਖਤ ਨਾਲ ਬੰਨ੍ਹਿਆ ਹੋਇਆ, ਉਸ ਰੱਸੇ ਵਿਚ ਬਹੁਤ ਸ਼ਕਤੀ ਹੈ। ਉਹਨੂੰ ਮੈਂ ਰਾਤ ਨੂੰ ਕਦੇ ਗਲ 'ਚੋਂ ਨਹੀਂ ਲਾਹਿਆ, ਕੱਲ੍ਹ ਮਾਲਸ਼ ਕਰਾਉਣੀ ਕਰਕੇ

ਕਿਤੇ ਪਾਸੇ ਰਹਿ ਗਿਆ ਸੀ। ਉਹ ਰੱਸਾ ਗਲ ਵਿਚ ਪਾ ਕੇ ਤੂੰ ਇਹ ਮੰਤਰ ਜਾਪ ਕਰਨਾ ਹੈ।ਤੜਕੇ ਨੂੰ ਜੱਟ ਤੇਰੇ ਵੱਸ ਵਿਚ ਹੋਵੇਗਾ, ਤੂੰ ਉਸ ਖੇਤ ਦਾ ਰਾਜਾ ਹੋਵੇਂਗਾ। ਗਿੱਦੜ ਨੇ ਆਉਂਦਿਆਂ ਹੀ ਗਲ ਵਿਚ ਰੱਸਾ ਪਾ ਕੇ ਮੰਤਰ-ਜਾਪ ਸ਼ੁਰੂ ਕਰ ਦਿੱਤਾ ...

ਰੱਬਾ ਸੁਣ ਲੈ ਦੁਆਵਾਂ
ਮੈਂ ਵੀ ਰਾਜਾ ਬਣ ਜਾਵਾਂ
ਖਾਵਾਂ ਪੱਕੀਆਂ ਪਕਾਈਆਂ
ਨਾਲੇ ਮਾਲਸ਼ਾਂ ਕਰਾਵਾਂ
ਸੇਵਾ ਜੱਟ ਤੋਂ ਕਰਾਕੇ
ਮੈਂ ਵੀ ਮੋਟਾ ਹੁੰਦਾ ਜਾਵਾਂ
ਬਣ ਜੱਟ ਦਾ ਪ੍ਰਾਹੁਣਾ
ਨਿੱਤ ਸੇਵਾ ਮੈਂ ਕਰਾਵਾਂ.....

ਜਦੋਂ ਗਿੱਦੜ ਅੱਖਾਂ ਮੀਟ ਕੇ ਉੱਚੀ-ਉੱਚੀ ਇਹ ਬੋਲ, ਬੋਲ ਰਿਹਾ ਸੀ ਤਾਂ ਉਥੋਂ ਲੰਘਦਾ ਇਕ ਸਾਧੂ ਉਥੇ ਹੀ ਰੁਕ ਗਿਆ। ਗਿੱਦੜ ਦੇ ਬੋਲ ਸੁਣੀ ਗਿਆ ਤੇ ਆਖ਼ਰ ਉਹਨੂੰ ਹਲੂਣ ਕੇ ਕਹਿਣ ਲੱਗਾ,

"ਓ ਭਲਿਆ, ਕਿਸੇ ਦੀਆਂ ਪੱਕੀਆਂ ਪਕਾਈਆਂ ਨਹੀਂ ਮੰਗੀਦੀਆਂ, ਖ਼ੁਦ ਨੂੰ ਕਿਸੇ ਦਾ ਮੁਹਤਾਜ ਨਹੀਂ ਬਣਾਈਦਾ।

ਸੇਵਾ ਕਰਨੀ ਚਾਹੀਦੀ ਏ ਕਰਾਉਣੀ ਨਹੀਂ ਚਾਹੀਦੀ। ਸਾਰੇ ਰਿਸ਼ਤੇ ਗ਼ਰਜ਼ਾਂ ਦੇ ਹੁੰਦੇ ਹਨ। ਕਿਸੇ ਨੇ ਵੀ ਤੈਨੂੰ ਆਪਣੀਗ਼ਰਜ਼ ਬਿਨਾਂ ਨਹੀਂ ਖਵਾਉਣਾ। ਮੈਂ ਤੇਰੀ ਏਨੀ ਮਦਦ ਕਰ ਸਕਦਾ ਹਾਂ ਕਿ ਤੇਰੇ ਗਲ ਵਿਚ ਜੋ ਰੱਸਾ ਪਾਇਆ ਹੈ ਉਹਨੂੰ ਲਾਹ ਕੇ ਤੈਨੂੰ ਅਜ਼ਾਦ ਕਰ ਸਕਦਾ ਹਾਂ।"

ਗਿੱਦੜ ਬੋਲਿਆ, "ਜਾਹ! ਜਾਹ! ਆਪਣਾ ਕੰਮ ਕਰ, ਮੈਂ ਇਸ ਖੇਤ ਦਾ ਰਾਜਾ ਬਣਨ ਜਾ ਰਿਹਾਂ, ਤੇਰੇ ਵਾਗੂੰ ਮੈਂ ਕੋਈ ਘਰੋਂ ਕੱਢਿਆ ਹੋਇਆ ਨਹੀਂ, ਇਸ

ਰੱਸੇ ਵਿੱਚ ਤਾਂ ਸਾਰੀ ਸ਼ਕਤੀ ਹੈ; ਇਹ ਤਾਂ ਮੈਂ ਖ਼ੁਦ ਆਪਣੇ ਗਲ ਵਿਚ ਪਾਇਆ। ਇਸਨੇ ਤਾਂ ਮੈਨੂੰ ਜੱਟ ਉੱਤੇ ਰਾਜ ਕਰਨ ਦੀ ਸ਼ਕਤੀ ਦੇਣੀ ਆ। ਇਸੇਕਰਕੇ ਤਾਂ ਮੈਂ ਇਥੇ ਪ੍ਰਾਹੁਣਿਆਂ ਵਾਂਗ ਸੇਵਾ ਕਰਾਉਣੀ ਏ! ਤੂੰ ਛਾਣਦਾ ਫਿਰ ਘੱਟਾ! ਯਾਰ ਤਾਂ ਰਾਜੇ ਬਣ ਕੇ ਇਥੇ ਹੀ ਰਾਜ ਕਰਨਗੇ।"

ਸਾਧੂ ਨੇ ਉਹਨੂੰ ਦੋ ਤਿੰਨ ਵਾਰ ਹੋਰ ਸਮਝਾਇਆ ਤੇ ਅਖ਼ੀਰ ਰਾਮ ਰਾਮ ਕਰਦਾ ਅੱਗੇ ਚਲਾ ਗਿਆ।

ਗਿੱਦੜ ਸਾਰੀ ਰਾਤ ਮੰਤਰ ਜਾਪ ਕਰਦਾ ਰਿਹਾ ਤੇ ਮੰਤਰ ਜਪਦਿਆਂ ਉਹਨੂੰ ਪਤਾ ਹੀ ਨਾ ਲੱਗਾ ਕਿਹੜੇ ਵੇਲੇ ਨੀਂਦ ਆ ਗਈ। ਸਵੇਰੇ ਜਦੋਂ ਮੂੰਹ ਹਨੇਰੇ ਜੱਟ ਖੇਤ ਵਿਚ ਆਇਆ ਤਾਂ ਗਿੱਦੜ ਨੂੰ ਘੂਕ ਸੁੱਤਾ ਵੇਖ ਕੇ ਡੰਡਾ ਮਾਰ ਕੇ ਕਹਿਣਲੱਗਾ,

"ਕਿਉਂ ਰਾਤ ਜ਼ਿਆਦਾ ਖਾ ਲਈਆਂ ਸੁਆਦ-ਸੁਆਦ ਵਿਚ? ਸੁੱਤਾ ਪਿਆ ਏਂ! ਖੇਤ ਦੀ ਰਾਖੀ ਤੇਰਾ ਪਿਉ ਕਰੂਗਾ? ਚੱਲ ਅੱਜ ਕੰਮ ਵੀ ਬਹੁਤਾ ਏ, ਪਹਿਲਾਂ ਸੁਹਾਗੀ ਮਾਰ, ਫੇਰ ਤੈਨੂੰ ਵਹਿੜਕੇ ਨਾਲ ਜੋੜੂੰਗਾ।ਇਹ ਸੁਣ ਕੇ ਗਿੱਦੜ ਦੇ ਹੋਸ਼ ਉੱਡ ਗਏ। ਰੋ-ਰੋ ਕੇ ਰੱਬ ਅੱਗੇ ਤਰਲੇ ਪਾਉਣ ਲੱਗਾ,

"ਹਾਏ ਓ ਰੱਬਾ! ਕੀ ਬਣ ਗਈਆਂ ਮੇਰੇ ਨਾਲ, ਸੋਚਿਆ ਤਾਂ ਕੀ ਸੀ ਪਰ ਕੀ ਹੋ ਗਿਆ ਏ, ਕਿਸ ਨੂੰ ਸੁਣਾਵਾਂ ਹਾਲ....."

ਗਿੱਦੜ ਨੂੰ ਆਪਣੀ ਬੇਵਕੂਫ਼ੀ ਤੇ ਲਾਲਚ ਦਾ ਡਾਹਢਾ ਪਛਤਾਵਾ ਹੋ ਰਿਹਾ ਸੀ। ਹੁਣ ਉਹਨੂੰ ਸਾਧੂ ਦੀ ਇਕ-ਇਕ ਗੱਲ ਸੱਚੀ ਲੱਗਣ ਲੱਗੀ ਪਰ ਜੱਟ ਦੇ ਅੱਗੇ ਹੁਣ ਉਹਦਾ ਕੋਈ ਵੀ ਚਾਰਾ ਨਹੀਂ ਚੱਲ ਰਿਹਾ ਸੀ। ਸਿਆਣਿਆਂ ਸੱਚ ਕਿਹਾ, ਆਪੇ ਫਾਥੜੀਏ ਤੈਨੂੰ ਕੌਣ ਬਚਾਵੇ ...

# ਨੇਹੁੰ ਨਾ ਲੱਗਦੇ ਜੋਰੀਂ ਜੀ

ਇਕ ਪਿੰਡ ਵਿਚ ਬਹੁਤ ਹੀ ਸੁੰਦਰ ਰੂਪ ਵਾਲੀ ਇਕ ਲੜਕੀ ਰਹਿੰਦੀ ਸੀ।ਉਹ ਗ਼ਰੀਬ ਮਾਪਿਆਂ ਦੀ ਇਕਲੌਤੀ ਬੇਟੀ ਸੀ, ਪਰ ਮਾਂ-ਬਾਪ ਦਾ ਸਹਾਰਾ ਉਹਨੂੰ ਬਹੁਤਾ ਚਿਰ ਨਸੀਬ ਨਾ ਹੋਇਆ। ਮਸਾਂ ਦਸਾਂ ਕੁ ਸਾਲਾਂ ਦੀ ਹੋਈ ਸੀ ਜਦੋਂ ਉਹਦਾ ਬਾਪ ਚਲਾਣਾ ਕਰ ਗਿਆ ਤੇ ਜਦੋਂ ਪੰਦਰਾਂ ਕੁ ਸਾਲਾਂ ਦੀ ਹੋਈ ਤਾਂ ਮਾਂਵੀ ਸਦਾ ਵਾਸਤੇ ਵਿਛੋੜਾ ਦੇ ਗਈ। ਉਹਦੇ ਰੰਗ ਰੂਪ ਨੇ ਹੀ ਉਹਦਾ ਨਾਮ ਸੁੰਦਰੀ ਪਕਾ ਦਿੱਤਾ। ਹਰ ਕੋਈ ਉਹਨੂੰ ਸੁੰਦਰੀ ਆਖ ਕੇ ਬੁਲਾਉਂਦਾ। ਸੁੰਦਰੀ ਦੁੱਖਾਂ ਦਾ ਪਹਾੜ ਚੁੱਕੀ ਬਹੁਤ ਸਾਰੀਆਂ ਔਕੜਾਂ ਦਾ ਸਾਹਮਣਾ ਕਰ ਰਹੀ ਸੀ। ਇਹਨਾਂ ਔਕੜਾਂ ਨੇ ਉਹਨੂੰ ਸਿਆਣੀ ਉਮਰ ਤੋਂ ਪਹਿਲਾਂ ਹੀ ਸਿਆਣੀ ਬਣਾ ਦਿੱਤਾ ਸੀ।ਵਿਹਲੜ ਤੇ ਲਫੰਡਰ ਕਿਸਮ ਦੇ ਲੋਕਾਂ ਦੁਆਰਾ ਕੀਤੇ ਭੱਦੇ ਮਜ਼ਾਕਾਂ ਨੇ ਉਹਨੂੰ ਲੋਕਾਂ ਦੀ ਮਾਨਸਿਕਤਾ ਦੀ ਵੀ ਸੋਝੀ ਕਰਵਾ ਦਿੱਤੀ ਸੀ।

ਗੁਜ਼ਾਰਾ ਕਰਨ ਲਈ ਸੁੰਦਰੀ ਨੇ ਕੋਈ ਕੰਮ ਸਿੱਖਣ ਬਾਰੇ ਸੋਚਿਆ ਤੇ ਖੱਡੀ ਉੱਤੇ ਕੱਪੜੇ ਬਣਾਉਣ ਦਾ ਕੰਮ ਸਿੱਖ ਲਿਆ।ਲਗਨ ਨਾਲ ਮਿਹਨਤ ਕਰਦੀ-ਕਰਦੀ ਉਹ ਆਪਣੇ ਪੈਰਾਂ 'ਤੇ ਖੜ੍ਹੀ ਹੋ ਗਈ। ਜਿੱਥੇ ਉਹ ਕੰਮ ਕਰਦੀ ਸੀ ਓਥੇ ਹੀ ਇਕ ਗੱਭਰੂ ਨੂੰ ਰੋਜ਼ ਆਪਣੇ ਕੰਮ ਵਿਚ ਮਸਤ ਵੇਖਦੀ, ਉਸ ਗੱਭਰੂ ਦੀ ਮਿਹਨਤ ਤੇ ਨੇਕ ਦਿਲੀ ਉਹਨੂੰ ਚੰਗੀ-ਚੰਗੀ ਲੱਗਣ ਲੱਗ ਪਈ। ਦੋਹਾਂ ਵਿਚਕਾਰ ਗੱਲਬਾਤ ਹੋਣ ਲੱਗੀ ਤੇ ਲਗਾਉ ਵਧਣ ਲੱਗਾ। ਇਹ ਲਗਾਉ ਵਧਦਾ-ਵਧਦਾ ਇਕੱਠੇ ਜਿਉਣ ਮਰਨ ਦੀਆਂ ਕਸਮਾਂ ਤਕ ਆਣ ਪਹੁੰਚਿਆ।

ਇਕ ਦਿਨ ਇਕ ਵਪਾਰੀ ਨੇ ਉਸ ਗੱਭਰੂ ਨੂੰ ਆਣ ਕੇ ਦੱਸਿਆ ਕਿ ਦਰਿਆਓਂ ਪਾਰ ਦੇ ਲੋਕ ਖੱਦਰ ਨੂੰ ਬਹੁਤ ਪਸੰਦ ਕਰਦੇ ਹਨ। ਉਹ ਤਾਂ ਦੁੱਗਣਾ ਚੌਗੁਣਾ ਭਾਅ ਦੇ ਕੇ ਵੀ ਖਰੀਦ ਲੈਂਦੇ ਹਨ।ਓਸੇ ਦਿਨ ਤੋਂ ਉਸ ਗੱਭਰੂ ਨੇ ਦਿਨ ਰਾਤ ਸਖ਼ਤ ਮਿਹਨਤ ਕਰਕੇ ਕਾਫ਼ੀ ਸਾਰੇ ਕੱਪੜੇ ਬਣਾਉਣ ਬਾਰੇ ਸੋਚਿਆ। ਇਕ ਮਹੀਨਾ ਕਿਸੇ ਵਪਾਰੀ ਨੂੰ ਕੋਈ ਕੱਪੜਾ ਨਾ ਵੇਚਿਆ। ਐਤਕੀਂ ਉਹਨੇ ਖ਼ੁਦ ਦਰਿਆਓਂ ਪਾਰ ਜਾ ਕੇ ਖੱਦਰ ਵੇਚਣ ਦੀ ਵਿਉਂਤ ਬਣਾ ਲਈ। ਜਦ ਇਹ ਵਿਉਂਤ ਉਹਨੇ ਸੁੰਦਰੀ ਨੂੰ ਦੱਸੀ ਤਾਂ ਉਹਨੇ ਖੁਸ਼ੀ ਖੁਸ਼ੀ ਹਰ ਮਦਦ ਕਰਨ ਦਾ ਭਰੋਸਾ ਦਿੰਦਿਆਂ ਕਿਹਾ, "ਦੇਖੋ ਘਰੋਂ ਬਾਹਰ ਜਾ ਕੇ ਕੰਮ ਕਰਨਾ ਤੇ ਰਹਿਣਾ, ਹੈਤਾਂ ਬਹੁਤ ਮੁਸ਼ਕਲ ਪਰ ਇਹ ਗੱਲ ਵੀ ਸਮਝਣੀ ਬਣਦੀ ਹੈ ਕਿ ਤੁਸੀਂ ਏਨੀ ਮਿਹਨਤ ਕਰਦੇ ਹੋ, ਉਸ ਮਿਹਨਤ ਦਾ ਸਾਰਾ ਲਾਭ ਤਾਂ ਇਹ ਵਪਾਰੀ ਲੋਕ ਲਈ ਜਾਂਦੇ ਹਨ। ਉਹਨਾਂ ਲੋਕਾਂ ਨੇ ਸਾਡੇ ਵਰਗੇ ਲੋਕਾਂ ਦੀ ਮਿਹਨਤ ਵੇਚ ਕੇ ਹੀ ਊਠ ਤੇ ਘੋੜੇ ਖ਼ਰੀਦ ਲਏ ਹਨ। ਆਪਣੀ ਮਿਹਨਤ ਅਤੇ ਨੇਕ ਨੀਅਤ 'ਤੇ ਭਰੋਸਾ ਰੱਖ ਕੇ ਜਾਓ, ਪਰਮਾਤਮਾ ਜ਼ਰੂਰ ਹੀ ਸਾਥ ਦੇਵੇਗਾ।" ਇਹ ਸਭ ਵਿਚਾਰਾਂ ਕਰਨ ਤੋਂ ਬਾਅਦ ਗੱਭਰੂ ਕੱਪੜਾ ਵੇਚਣ ਦਰਿਆਓਂ ਪਾਰ ਚਲਾ ਗਿਆ।

ਕਾਫ਼ੀ ਸਮਾਂ ਬੀਤ ਗਿਆ। ਸੁੰਦਰੀ ਨੂੰ ਫ਼ਿਕਰ ਵੱਢ-ਵੱਢ ਕੇ ਖਾ ਰਿਹਾ ਸੀ। ਉਹ ਕਿਤੇ ਕੋਠੇ ‘ਤੇ ਚੜ੍ਹਦੀ, ਆਉਂਦੇ-ਜਾਂਦੇਰਾਹੀਆਂ ਵਿਚੋਂ ਉਹਨੂੰ ਲੱਭਣ ਦੀ ਕੋਸ਼ਿਸ਼ ਕਰਦੀ, ਕਿਤੇ ਲੀਕਾਂ ਵਾਹ ਕੇ ਵਿਛੋੜੇ ਦੇ ਦਿਨ ਗਿਣਦੀ, ਕਦੇ ਔਸੀਆਂ ਪਾਉਂਦੀ। ਕੰਮ ਕਰਦਿਆਂ ਉਹਦੀ ਜ਼ੁਬਾਨ ’ਤੇ ਇਹੀ ਬੋਲ ਹੁੰਦੇ ਸਨ :

ਵੇ ਮੈਂ ਔਸੀਆਂ ਪਾਉਂਣੀ ਆਂ

ਤੂੰ ਕਦੋਂ ਘਰ ਆਵੇਂਗਾ

ਬੈਠੀ ਕਾਗ ਉਡਾਉਂਣੀ ਆਂ।

ਇਕ ਦਿਨ ਉਹ ਖੂਹ ਤੋਂ ਪਾਣੀ ਦਾ ਘੜਾ ਭਰ ਕੇ ਆਉਂਦੀ ਹੋਈ ਗਾਉਂਦੀ ਆ ਰਹੀ ਸੀ:

ਦੋ ਪੱਤਰ ਅਨਾਰਾਂ ਦੇ

ਸਾਡੇ ਦੁੱਖ ਸੁਣ-ਸੁਣ ਕੇ

ਰੋਂਦੇ ਪੱਥਰ ਪਹਾੜਾਂ ਦੇ

ਸੁੰਦਰੀ ਦੀ ਸੁਰੀਲੀ ਅਵਾਜ਼ ਵਿਚ ਇਹ ਬੋਲ ਸੁਣ ਕੇ ਕੋਲੋਂ ਲੰਘਦਾ ਇਕ ਘੋੜ ਸਵਾਰ ਇਕ ਦਮ ਰੁਕ ਗਿਆ। ਉਹਨੇ ਸੁੰਦਰੀ ਦਾ ਚਿਹਰਾ ਨਿਹਾਰਿਆ ਤੇ ਚਕਾਚੌਂਧ ਜਿਹਾ ਹੋ ਕੇ ਆਖਣ ਲੱਗਾ, “ਏਨੀ ਮਿੱਠੀ ਅਵਾਜ਼,ਏਨੀ ਸੋਹਣੀ ਸੂਰਤ ਨੂੰ ਕਿਹੜੇ ਦੁੱਖਾਂ ਨੇ ਘੇਰ ਲਿਆ? ਮੈਂ ਰਾਜੇ ਦਾ ਅਹਿਲਕਾਰ ਹਾਂ, ਸਾਡੇ ਲਾਇਕ ਕੋਈ ਸੇਵਾ ਹੋਈ ਤਾਂ ਦੱਸਣੀ।” ਸੁੰਦਰੀ ਨੀਵੀਂ ਪਾ ਕੇ ਬੋਲੀ, “ਮਿਹਰਬਾਨੀ ਵੀਰਾ। ਕੁਝ ਨਹੀਂ, ਬਸ ਦੁੱਖ-ਸੁਖ ਤਾਂ ਆਪਣੇ ਕਰਮਾਂ ਦੇ ਹੁੰਦੇ ਨੇ, ਤੁਸੀਂ ਪੁੱਛਿਆ, ਤੁਹਾਡੀ ਮਿਹਰਬਾਨੀ! ਘੋੜਸਵਾਰ ਅਹਿਲਕਾਰ ਨੂੰ ਇਸ ਜਵਾਬ ਦੀਕੋਈ ਉਮੀਦ ਨਹੀਂ ਸੀ। ਉਹਨੇ ਆਸ ਪਾਸ ਤੋਂ ਸੁੰਦਰੀ ਬਾਰੇ ਸਭ ਕੁਝ ਪਤਾ

ਕਰ ਲਿਆ ਤੇ ਆਨੀ ਬਹਾਨੀਂ ਉਹਦੇ ਘਰ ਆਉਣ ਦੀ ਕੋਸ਼ਿਸ਼ ਕਰਨ ਲੱਗਾ। ਉਸਨੇ ਕਈ ਪ੍ਰਕਾਰ ਦੇ ਲਾਲਚ ਦਿੱਤੇ, ਰਾਜੇ ਦੇ ਦਰਬਾਰ ਵਿਚ ਨੌਕਰੀ ਦਿਵਾਉਣ ਦਾਝਾਂਸਾ ਵੀ ਦਿੱਤਾ।ਪਰ ਸੁੰਦਰੀ ਦੀ ਤੇਜ਼ ਬੁੱਧੀ ਉਹਨੂੰ ਅਹਿਲਕਾਰ ਦੀ ਨੀਅਤ ਬਾਰੇ ਸਭ ਕੁਝ ਦੱਸਦੀ ਰਹੀ। ਉਹਨੇ ਬਹੁਤ ਹੀ ਨਿਮਰਤਾ ਅਤੇ ਸਿਆਣਪ ਨਾਲ ਅਹਿਲਕਾਰ ਨਾਲ ਨਜਿੱਠ ਲਿਆ।

ਅਹਿਲਕਾਰ ਨੂੰ ਜਦੋਂ ਆਪਣੀਆਂ ਸਾਰੀਆਂ ਕੋਸ਼ਿਸ਼ਾਂ ਨਾਕਾਮ ਹੁੰਦੀਆਂ ਨਜ਼ਰ ਆਈਆਂ ਤਾਂ ਉਹਨੇ ਰਾਜੇ ਨੂੰ ਖੁਸ਼ ਕਰਨ ਬਾਰੇ ਸੋਚਿਆ। ਉਹਨੇ ਰਾਜੇ ਨੂੰ ਕਿਹਾ, "ਹਜ਼ੂਰ! ਇਕ ਰੂਪ-ਵੰਤੀ, ਸੁੰਦਰੀ ਵੇਖ ਕੇ ਆਇਆ ਹਾਂ, ਉਹਦੀ ਸ਼ਕਲ, ਉਹਦੀ ਸੂਰਤ, ਉਹਦੀ ਸੀਰਤ, ਉਹਦਾ ਜੋਬਨ, ਉਹਦਾ ਰੰਗ-ਰੂਪ ਬਸ ਕੀ ਪੁੱਛਦੇ ਓ! ਹਜ਼ੂਰ ਦੇ ਮਹਿਲਾਂ ਦੀ ਸ਼ਾਨ ਬਣਨ ਦੇ ਲਾਇਕ ਹੈ! ਤੁਸੀਂ ਵੇਖਦੇ ਸਾਰ ਹੀ ਉਹਨੂੰ ਆਪਣੀ ਪਟਰਾਣੀ ਬਣਾ ਲੈਣਾ ਏ!" ਰਾਜੇ ਨੇ ਉਤਸੁਕ ਹੋ ਕੇ ਸੁੰਦਰੀ ਨੂੰ ਦਰਬਾਰ ਵਿਚ ਲਿਆਉਣ ਦਾ ਹੁਕਮ ਜਾਰੀ ਕਰ ਦਿੱਤਾ।

ਅਗਲੇ ਦਿਨ ਸੁੰਦਰੀ ਘਬਰਾਈ ਹੋਈ ਰਾਜੇ ਦੇ ਸਾਹਮਣੇ ਹਾਜ਼ਰ ਹੋਈ। ਰਾਜੇ ਨੇ ਪਹਿਲਾਂ ਉਹਦੀ ਟਹਿਲ ਸੇਵਾ ਕਰਵਾਈ ਤੇ ਫੇਰ ਰਾਣੀਆਂ ਦਾ ਰਹਿਣ-ਸਹਿਣ ਦਿਖਾਉਣ ਦਾ ਪ੍ਰਬੰਧ ਕਰਵਾਇਆ। ਸੁੰਦਰੀ ਆਪਣੀ ਸੇਵਾ ਹੁੰਦੀ ਵੇਖ ਕੇ ਹੈਰਾਨ ਹੋ ਰਹੀ ਸੀ। ਫੇਰ ਜਦੋਂ ਰਾਣੀਆਂ ਦੇ ਰਹਿਣ-ਸਹਿਣ ਤੇ ਸੁਖ ਸਹੂਲਤਾਂ ਨੂੰ ਵੇਖਿਆ ਤਾਂ ਹੋਰ ਵੀ ਹੈਰਾਨ ਹੋ ਗਈ। ਵੇਖਦੀ-ਵੇਖਦੀ ਗੁੱਸੇ ਵਿਚ ਆ ਕੇ ਸੋਚ ਰਹੀ ਸੀ,

"ਇਕ-ਇਕ ਰਾਣੀ ਦੀਆਂ ਚਾਰ-ਚਾਰ ਟਹਿਲਣਾ; ਕੋਈ ਪੱਖੀ ਝੱਲੀ ਜਾਂਦੀ ਏ, ਕੋਈ ਮਾਲਸ਼ ਕਰੀ ਜਾਂਦੀ ਏਂ, ਕੋਈ ਹਾਰ ਸ਼ਿੰਗਾਰ ਕਰੀ ਜਾਂਦੀ ਏ,ਕੋਈ ਹੱਥ ਬੰਨ੍ਹ ਕੇ ਖੜ੍ਹੀ ਏ, ਇਹ ਸਭ ਕੀ ਏ? ਇਹਨਾਂ ਰਾਣੀਆਂ ਦੇ ਆਵਦੇ ਹੱਥ ਪੈਰ ਹੈਨੀ? ਕਿਵੇਂ ਪੱਥਰ ਬਣੀਆਂ ਸੇਵਾ ਕਰਾਈ ਜਾਂਦੀਆਂ! ਜੇ ਇਹਨਾਂ ਦੇਸਵਾਸ

ਚੱਲਦੇ ਨੇ, ਜੇ ਇਹਨਾਂ ਅੰਦਰ ਖ਼ੂਨ ਦੌਰਾ ਕਰ ਰਿਹਾ ਏ ਤਾਂ ਇਹਨਾਂ ਨੂੰ ਆਪਣੇ ਕੰਮ ਖ਼ੁਦ ਕਰਨੇ ਚਾਹੀਦੇ ਨੇ। ਬੰਦੇ ਨੂੰ ਆਪਣੇ ਕੰਮ ਤਾਂ ਖ਼ੁਦ ਕਰਨੇ ਹੀ ਚਾਹੀਦੇ ਨੇ ਜਿੱਥੋਂ ਤਕ ਸਰਦਾ ਹੋਏ ਕਿਸੇ ਬੇਸਹਾਰੇ ਦੀ ਸੇਵਾ ਵੀ ਕਰਨੀ ਚਾਹੀਦੀ ਏ। ਪਰ ਇਹ ਤਾਂ ਸਭ ਕੁਝ ਹੁੰਦਿਆਂ ਸੁੰਦਿਆਂ ਅਪੰਗ ਹੋਈਆਂ ਬੈਠੀਆਂ।"

ਸੁੰਦਰੀ ਨੇ ਇਹ ਸੋਚਦਿਆਂ-ਸੋਚਦਿਆਂ ਸਾਰੀਆਂ ਰਾਣੀਆਂ ਦਾ ਰਹਿਣ ਸਹਿਣ ਦੇਖ ਲਿਆ। ਜਦੋਂ ਵਾਪਸ ਰਾਜੇ ਪਾਸ ਪਹੁੰਚੀ ਤਾਂ ਰਾਜੇ ਨੇ ਪੁੱਛਿਆ,"ਸੁੰਦਰੀ! ਮੈਨੂੰ ਪਤਾ ਏ ਰਾਣੀਆਂ ਦਾ ਰਹਿਣ-ਸਹਿਣ ਵੇਖ ਕੇ ਤੇਰੇ ਅੰਦਰ ਇਹਨਾਂ ਵਾਂਗ ਰਹਿਣ ਦੀ ਇੱਛਾ ਜ਼ਰੂਰ ਜਾਗੀ ਹੋਵੇਗੀ। ਪਰ ਇਸ ਤਰ੍ਹਾਂ ਦਾ ਰਹਿਣ-ਸਹਿਣ ਬਹੁਤ ਮੁਸ਼ਕਲ ਨਾਲ ਨਸੀਬ ਹੁੰਦਾ ਏ। ਤੇਰੀ ਸੂਰਤ ਤੇ ਸੀਰਤ ਬਾਰੇ ਸੁਣਿਆ ਤਾਂ ਮੈਂ ਸੋਚਿਆ ਤੈਨੂੰ ਇਹੋ ਜਿਹਾ ਰਹਿਣ-ਸਹਿਣ ਜ਼ਰੂਰ ਪ੍ਰਦਾਨ ਕਰਨਾ ਚਾਹੀਦਾ। ਤੇਰੇ ਰੂਪ ਤੇ ਦਿਮਾਗ਼ ਦੀ ਕਦਰ ਪੈਣੀ ਚਾਹੀਦੀ ਏ।"

ਸੁੰਦਰੀ ਨੇ ਰਾਣੀਆਂ ਦੇ ਰਹਿਣ-ਸਹਿਣ ਪ੍ਰਤੀ ਜੋ ਕੁਝ ਮਨ ਵਿਚ ਸੋਚਿਆ ਸੀ, ਉਹ ਸਭ ਆਖ ਦੇਣਾ ਚਾਹੁੰਦੀ ਸੀ। ਪਰ ਰਾਜੇ ਅੱਗੇ ਉਹ ਸਭ ਬੋਲਣਾ ਬਹੁਤ ਮੁਸ਼ਕਲ ਸੀ। ਉਹਨੇ ਨੀਵੀਂ ਪਾ ਕੇ ਹੱਥ ਜੋੜ ਕੇ ਸਿਰਫ਼ ਏਨਾ ਹੀ ਕਿਹਾ,

"ਰਾਜਾ ਜੀ, ਇਹ ਸਭ ਆਪਣੇ-ਆਪਣੇ ਕਰਮਾਂ ਦੀ ਖੇਡ ਹੈ। ਮੈਨੂੰ ਸਖ਼ਤ ਮਿਹਨਤ ਤੇ ਔਕੜਾਂ ਭਰਿਆ ਜੀਵਨ ਮਿਲਿਆ, ਉਡੀਕਾਂ ਤੇ ਵਿਛੋੜੇ ਮੇਰੇ ਪੱਲੇ ਪਏ, ਦਾਤੇ ਨੂੰ ਇਹੀ ਮਨਜ਼ੂਰ ਏ। ਬਸ ਉਹ ਆਪਣੇ ਹੁਕਮ ਵਿਚ ਰਹਿਣ ਦਾ ਬਲ ਬਖ਼ਸ਼ੇ।ਮੈਂ ਆਪਣੀ ਔਕਾਤ ਤੋਂ ਵਧ ਕੇ ਕਦੇ ਕੁਝ ਨਹੀਂ ਚਾਹਿਆ ਬਸਮਾਲਕ ਮੈਨੂੰ ਮੇਰੇ ਧਰਮ, ਈਮਾਨ ਤੇ ਵਚਨਾਂ ਉੱਤੇ ਖਰੀ ਉਤਰਨ ਦੀ ਸ਼ਕਤੀ ਦੇਵੇ! ਆਪ ਜੀ ਨੇ ਮੈਨੂੰ ਯੋਗ ਸਮਝਿਆ, ਬਹੁਤ-ਬਹੁਤ ਮਿਹਰਬਾਨੀ !

ਪਰ ਮੈਨੂੰ ਮੇਰਾ ਮਿਹਨਤੀ ਜੀਵਨ ਹੀ ਪਸੰਦ ਹੈ। ਓਹ, ਜੀਹਨੇ ਦਰਿਆਓਂ ਪਾਰ ਜਾ ਕੇ ਡੇਰਾ ਲਾ ਲਿਆ ਏ ਉਹਨੂੰ ਉਡੀਕ ਰਹੀ ਹਾਂ, ਉਹ ਅਵੱਸ਼ ਹੀ ਜਲਦੀ ਆ ਜਾਵੇਗਾ, ਉਹਦੇ ਨਾਲ ਜੋ ਕੌਲ ਕਰਾਰ ਕੀਤੇ ਨੇ, ਉਹ ਮਰਦੇ ਦਮ ਤਕ ਨਿਭਾਉਣੇ ਨੇ, ਉਹ ਜਿਸ ਰੂਪ ਵਿਚ ਮੈਨੂੰ ਛੱਡ ਕੇ ਗਿਆ ਏ ਮੈਂ ਉਸੇ ਰੂਪਵਿਚ ਰਹਿ ਕੇ ਉਹਦੀ ਉਡੀਕ ਕਰਨੀ ਏ। ਬਚਪਨ ਤੋਂ ਜੋ ਮਾਂ-ਬਾਪ ਦਾ ਵਿਛੋੜਾ ਝਲ ਰਹੀ ਹਾਂ, ਉਹ ਜ਼ਖ਼ਮ ਤਾਂ ਸੌਣ ਹੀ ਨਹੀਂ ਦਿੰਦੇ।

ਬਹੁਤ ਮੁਸ਼ਕਲ ਨਾਲ ਉਹ ਦਿਨ ਕੱਟੇ ਪਰ ਮੈਨੂੰ ਦਾਤੇ 'ਤੇ ਪੂਰਾ ਭਰੋਸਾ ਏ।ਮਾਲਕ ਆਪਣੀ ਰਜ਼ਾ ਵਿਚ ਰਹਿਣ ਦੀ ਸ਼ਕਤੀ ਦੇਵੇ।"

ਰਾਜੇ ਨੇ ਸੁਪਨੇ ਵਿਚ ਵੀ ਨਹੀਂ ਸੋਚਿਆ ਸੀ ਕਿ ਸੁੰਦਰੀ ਮਹਿਲਾਂ ਦੀਆਂਸੁਖ-ਸਹੂਲਤਾਂ ਵੇਖਣ ਬਾਅਦ ਵੀ ਇਹੋ ਜਿਹੀਆਂ ਗੱਲਾਂ ਕਰੇਗੀ। ਉਹਨੇ ਆਪਣਾ ਅਸਲੀ ਰੂਪ ਵਿਖਾਉਂਦਿਆਂ ਕਿਹਾ,

"ਦੇਖ ਸੁੰਦਰੀ! ਤੂੰ ਜਵਾਨ ਜਹਾਨ ਏਂ! ਤੂੰ ਜੀਹਦੀ ਉਡੀਕ ਕਰ ਰਹੀ ਏਂ,ਉਹ ਆਵੇ ਨਾ ਆਵੇ, ਉਹਦਾ ਕੋਈ ਪਤਾ ਨਹੀਂ, ਜੇ ਆ ਵੀ ਜਾਵੇ ਤਾਂ ਤੈਨੂੰ ਇਹਨਾਂ ਮਹਿਲਾਂ ਵਿਚੋਂ ਲਿਜਾ ਨਹੀਂ ਸਕਦਾ! ਮੈਂ ਤੇਰੇ ਲਈ ਮਹਿਲਾਂ ਦੇ ਦਰਵਾਜ਼ੇ ਖੋਲ੍ਹੇ ਹਨ। ਤੂੰ ਇਹਨਾਂ ਨੂੰ ਠੁਕਰਾ ਰਹੀ ਏਂ? ਜੇ ਤੈਨੂੰ ਏਥੋਂ ਕਦੇ ਵੀ ਨਾ ਜਾਣਦੇਵਾਂ ਤਾਂ ਫਿਰ ਕੀ ਕਰੇਂਗੀ?" ਸੁੰਦਰੀ ਸੋਚੀਂ ਪੈ ਗਈ। ਕੁਝ ਦੇਰ ਖ਼ਾਮੋਸ਼ ਰਹਿਣ ਬਾਅਦ ਰਾਜੇ ਨੂੰ ਕਹਿਣ ਲੱਗੀ,

"ਅੱਛਾ ਰਾਜਾ ਜੀ! ਤੁਹਾਡੀ ਪਰਜਾ ਹਾਂ, ਹੁਕਮ ਦੇ ਬੱਧੇ ਹਾਂ ਜੋ ਤੁਹਾਡੀ ਮਰਜ਼ੀ ਉਹੀ ਸਾਡੀ ਮਰਜ਼ੀ, ਸਾਡੀ ਕੀ ਮਜਾਲ ਏ, ਤੁਹਾਡੀ ਹੁਕਮ ਅਦੁੱਲੀ ਕਰੀਏ! ਹੁਣ ਜੇ ਤੁਸੀਂ ਮੈਨੂੰ ਮਹਿਲਾਂ ਦੇ ਯੋਗ ਸਮਝ ਹੀ ਲਿਆ ਏ ਤਾਂ ਇਕ ਨਿੱਕੀ ਜਿਹੀ ਮੰਗ ਪੂਰੀ ਕਰ ਦਿਉ।"

ਰਾਜੇ ਨੇ ਕਿਹਾ, ਮੰਗਾਂ ਸਭ ਪੂਰੀਆਂ ਹੋਣਗੀਆਂ, ਦੱਸ ਕੀ ਚਾਹੀਦਾ?

"ਇਕ ਕੂਹ-ਕੂਹ ਕਰਦੀ ਕੋਇਲ, ਇਕ ਜਗਮਗ ਕਰਦਾ ਜੁਗਨੂੰ ਤੇ ਇਕ ਖਿੜਿਆ ' ਗ਼ੁਲਾਬ ਚਾਹੀਦਾ।" ਸੁੰਦਰੀ ਨੇ ਕਿਹਾ।

ਰਾਜੇ ਨੇ ਨੌਕਰ ਬੁਲਾ ਕੇ ਇਹ ਸਭ ਜਲਦੀ ਤੋਂ ਜਲਦੀ ਸੁੰਦਰੀ ਅੱਗੇ ਹਾਜ਼ਰ ਕਰਨ ਦਾ ਹੁਕਮ ਸੁਣਾਇਆ। ਓਸੇ ਦਿਨ-ਸ਼ਾਮ ਹੋਣ ਤਕ ਸੁੰਦਰੀ ਦੀ ਮੰਗ ਪੂਰੀ ਕਰ ਦਿੱਤੀ ਗਈ। ਸਵੇਰ ਹੁੰਦਿਆਂ ਹੀ ਰਾਜੇ ਨੇ ਸੁੰਦਰੀ ਨੂੰ ਮੰਗ ਪੂਰੀ ਹੋ ਜਾਣ ਬਾਰੇ ਪੁੱਛਿਆ ਤਾਂ ਸੁੰਦਰੀ ਨੇ ਕਿਹਾ, "ਰਾਜਾ ਜੀ, ਮੇਰੀ ਮੰਗਪੂਰੀ ਨਹੀਂ ਹੋਈ, ਕੋਇਲ ਤਾਂ ਜ਼ਰੂਰ ਲਿਆਂਦੀ ਪਰ ਇਹ ਗੂੰਗੀ ਕੋਇਲ ਲਿਆ ਦਿੱਤੀ ਏ, ਬੋਲਦੀ ਈ ਨਹੀਂ, ਤੇ ਜੁਗਨੂੰ ਜਗਮਗ ਕਰਦਾ ਮੰਗਿਆ ਸੀ। ਇਸ ਵਿਚੋਂ ਤਾਂ ਭੋਰਾ ਵੀ ਰੌਸ਼ਨੀ ਨਹੀਂ ਨਿਕਲ ਰਹੀ ਤੇ ਆਹ ਜੋ ਗ਼ੁਲਾਬ ਲਿਆਂਦਾ ਇਹਦੇ 'ਚ ਕੋਈ ਖੇੜਾ ਨਹੀਂ।"

ਰਾਜੇ ਨੇ ਤੁਰੰਤ ਨੌਕਰਾਂ ਨੂੰ ਬੁਲਾਇਆ ਝਾੜਾਂ ਪਾ ਕੇ ਦੁਬਾਰਾ ਤੋਂ ਕੂਹ-ਕੂਹ ਕਰਦੀ ਕੋਇਲ, ਜਗਮਗ ਕਰਦਾ ਜੁਗਨੂੰ ਤੇ ਟਹਿਕਦਾ ਗ਼ੁਲਾਬ ਲੈਣ ਭੇਜ ਦਿੱਤੇ। ਨੌਕਰਾਂ ਨੇ ਪੂਰੀ ਪਰਖ਼ ਜੋਖ ਕਰ ਕੇ ਦੁਬਾਰਾ ਤੋਂ ਸੁੰਦਰੀ ਦੀ ਮੰਗ ਪੂਰੀ ਕੀਤੀ। ਪਰ ਸੁੰਦਰੀ ਨੇ ਅਗਲੇ ਦਿਨ ਫਿਰ ਰਾਜੇ ਨੂੰ ਉਹੀ ਉਲਾਹਮਾ ਦਿੰਦਿਆਂ ਕਿਹਾ, "ਰਾਜਾ ਜੀ, ਮੈਂ ਕੋਈ ਹੀਰੇ ਜਵਾਹਰਾਤ ਨਹੀਂ ਮੰਗੇ ਸੀ, ਆਹ ਦੇਖੋ ਫਿਰ ਗੂੰਗੀ ਕੋਇਲ, ਨੇਰ੍ਹਾ ਢੋਂਹਦਾ ਜੁਗਨੂੰ ਤੇ ਮੁਰਝਾਇਆ ਜਿਹਾ ਗੁਲਾਬ ਲਿਆ ਧਰਿਆ ਮੇਰੇ ਅੱਗੇ। ਮੈਂ ਸਾਰੀ ਰਾਤ ਕੋਇਲ ਦੀਆਂ ਮਿੰਨਤਾਂ ਕੀਤੀਆਂ। ਇਕ ਵਾਰ ਵੀ ਇਹਨੇ ਆਪਣੀ ਮਿੱਠੀ ਕੂਕ ਨਹੀਂ ਸੁਣਾਈ ਤੇ ਨਾ ਹੀ ਜੁਗਨੂੰ ਨੇਰੌਸ਼ਨੀ ਵਿਖਾਈ।" ਇਹ ਸੁਣਨ ਦੀ ਦੇਰ ਸੀ ਕਿ ਰਾਜੇ ਨੇ ਤੁਰੰਤ ਉਹਨਾਂ ਨੌਕਰਾਂ ਨੂੰ ਸੁੰਦਰੀ ਦੇ ਸਾਹਮਣੇ ਸੌ-ਸੌ ਕੋੜੇ ਮਾਰਨ ਦਾ ਹੁਕਮ ਸੁਣਾ ਦਿੱਤਾ। ਚਾਰ

ਸਿਪਾਹੀਆਂ ਨੂੰ ਸੁੰਦਰੀ ਦੀ ਪਸੰਦ ਦੇ ਕੋਇਲ, ਜੁਗਨੂੰ ਤੇ ਗ਼ੁਲਾਬ ਲੈਣ ਭੇਜ ਦਿੱਤਾ।

ਜਦੋਂ ਨੌਕਰਾਂ ਨੂੰ ਕੋੜੇ ਮਾਰਨ ਲਈ ਰੱਸੀਆਂ ਨਾਲ ਬੰਨ੍ਹਿਆ ਜਾ ਰਿਹਾ ਸੀ ਤਾਂ ਸੁੰਦਰੀ ਨੇ ਰਾਜੇ ਨੂੰ ਕਿਹਾ,“ ਇਹਨਾਂਵਿਚਾਰਿਆਂ ਦੀ ਕੋਈ ਗ਼ਲਤੀ ਨਹੀਂ,ਇਹਨਾਂ ਦੀਆਂ ਰੱਸੀਆਂ ਖੁਲਵਾ ਦਿਉ, ਫੇਰ ਮੈਂ ਇਕ ਭੇਤ ਦੀ ਗੱਲ ਦੱਸਾਂਗੀ।

ਇਹ ਵਿਚਾਰੇ ਤੁਹਾਡੇ ਨਾਲ ਬਹਿਸ ਨਹੀਂ ਕਰ ਸਕਦੇ ਪਰ ਇਹਨਾਂ ਨੂੰ ਪੁੱਛੋ ਕਿ ਜਦੋਂ ਇਹਨਾਂ ਨੇ ਕੋਇਲ ਕਾਬੂ ਕੀਤੀ ਸੀ ਉਸ ਵੇਲੇ ਕੂਹ-ਕੂਹ ਕਰ ਰਹੀ ਸੀ ਕਿ ਨਹੀਂ, ਜਦੋਂ ਜੁਗਨੂੰ ਸ਼ੀਸ਼ੇ ਦੀ ਡੱਬੀ ਵਿਚ ਪਾਇਆ ਸੀ ਉਦੋਂ ਜਗਮਗ ਕਰਰਿਹਾ ਸੀ ਕਿ ਨਹੀਂ ? ਜਦੋਂ ਗ਼ੁਲਾਬ ਤੋੜਿਆ ਓਦੋਂ ਖਿਲਿਆ ਹੋਇਆ ਸੀ ਕਿ ਨਹੀਂ? ਇਹ ਪੁੱਛੋ ਇਹਨਾਂ ਤੋਂ ਰਾਜਾ ਜੀ!” ਰਾਜੇ ਨੇ ਨੌਕਰਾਂ ਵੱਲ ਦੇਖ ਕੇ ਕਿਹਾ,“ਹਾਂ ਬਈ ਜਵਾਬ ਦਿਉ ਸੁੰਦਰੀ ਦੇ ਪ੍ਰਸ਼ਨਾਂ ਦਾ।“

ਨੌਕਰਾਂ ਨੇ ਹੱਥ ਬੰਨ੍ਹ ਕੇ ਕਿਹਾ, “ਹਾਂ ਮਾਈ ਬਾਪ ਸਾਥੋਂ ਭਾਵੇਂ ਕਸਮਾਂ ਪਵਾ ਲਓ, ਤੁਹਾਡੀ ਸੇਵਾ ਵਿਚ ਏਨੇ ਸਾਲਾਂ ਤੋਂ ਹਾਜ਼ਰ ਹਾਂ, ਕੀ ਕਦੇ ਇੰਜ ਹੋਇਆ ਕਿ ਜਿਹੜੀ ਚੀਜ਼ ਤੁਸੀਂ ਮੰਗਵਾਈ ਹੋਵੇ ਉਹ ਨਾ ਲਿਆ ਕੇ ਦਿੱਤੀ ਹੋਵੇ? ਨਹੀਂ ਇੰਜ ਕਦੇ ਨਹੀਂ ਹੋਇਆ ਤੇ ਨਾ ਹੀ ਹੋਵੇਗਾ!”

ਸਾਡੇ ਪਿਉ ਦਾਦੇ ਇਹਨਾਂ ਮਹਿਲਾਂ ਦੀ ਵਫ਼ਾਦਾਰੀ ਪਾਲਦੇ ਰਹੇ ਹਨ, ਤੇ ਅਸੀਂ ਵੀ ਖ਼ੁਦਾ ਦੀ ਕਸਮ ਖਾ ਕੇ ਕਹਿੰਦੇ ਹਾਂ ਅਸੀਂ ਦੋਵੇਂ ਵਾਰੀ ਗਾਉਂਦੀ ਕੋਇਲ,ਜਗਮਗ ਕਰਦਾ ਜੁਗਨੂੰ ਤੇ ਟਹਿਕਦਾ ਗ਼ੁਲਾਬ ਹੀ ਲਿਆਂਦੇ ਸੀ। ਇੱਥੇ ਆ ਕੇ ਪਤਾ ਨਹੀਂ ਕੀ ਭਾਣਾ ਵਰਤ ਜਾਂਦਾ।” ਰਾਜਾ ਸੋਚੀਂ ਪੈ ਗਿਆ। ਉਹਨੇ ਵੀਇਹਨਾਂ ਨੌਕਰਾਂ ਨੂੰ ਕਦੇ ਹੁਕਮ ਅਦੁੱਲੀ ਕਰਦੇ ਨਹੀਂ ਵੇਖਿਆ ਸੀ। ਇਹਨਾਂ ਦੀ ਵਫ਼ਾਦਾਰੀ ਤੇ ਸਿਆਣਪ ਉੱਤੇ ਉਹਨੂੰ ਡਾਹਢਾ ਮਾਣ ਸੀ।

ਹੱਥ ਬੰਨ੍ਹੀ ਖੜ੍ਹੇ ਨੌਕਰਾਂ ਤੇ ਸੋਚਾਂ ਵਿਚ ਡੁੱਬੇ ਰਾਜੇ ਵੱਲ ਵੇਖ ਕੇ ਸੁੰਦਰੀ ਨੇ ਕਿਹਾ,

"ਸੁਣੋ ਰਾਜਾ ਜੀ, ਇਹ ਨੌਕਰ ਬਿਲਕੁਲ ਸੱਚੇ ਹਨ। ਜੋ ਮੈਂ ਮੰਗਵਾਇਆ ਸੀ ਉਹੀ ਕੁਝ ਇਹਨਾਂ ਨੇ ਦੋਵੇਂ ਵਾਰ ਲਿਆ ਕੇ ਦਿੱਤਾ।

ਹੁਣ ਇਕ ਭੇਤ ਦੀ ਗੱਲ ਸੁਣੋ! ਉਹ ਇਹ ਕਿ ਕੋਇਲ ਨੂੰ ਕੂਹ-ਕੂਹ ਕਰਨ ਲਈ, ਮਿੱਠੀ ਸੁਰ ਵਿਚ ਗਾਉਣ ਲਈ ਆਪਣਾ ਮਨਪਸੰਦ ਮਾਹੌਲ ਚਾਹੀਦਾ, ਜੁਗਨੂੰ ਨੂੰ ਚਮਕਦਾਰ ਉਡਾਰੀ ਲਾਉਣ ਲਈ ਮਨਪਸੰਦ ਜੰਗਲ, ਬੇਲੇ, ਫੁੱਲ, ਬੂਟੇ ਚਾਹੀਦੇ ਹੁੰਦੇ ਨੇ ਤੇ ਗ਼ੁਲਾਬ ਨੂੰ ਟਹਿਕਣ ਆਪਣੀ ਟਹਿਣੀ ਚਾਹੀਦੀ ਹੁੰਦੀ ਹੈ । ਜਦੋਂ ਇਹਨਾਂ ਨੂੰ ਮਹਿਲਾਂ ਵਿਚ ਲਿਆਂਦਾ ਗਿਆ ਓਦੋਂ ਹੀ ਇਹਨਾਂ ਦਾ ਅਸਲੀ ਰੂਪ ਮਰਨਾ ਸ਼ੁਰੂ ਹੋ ਗਿਆ। ਜਿਹੜੇ ਸਿਪਾਹੀ ਤੁਸੀਂ ਹੁਣ ਭੇਜੇ ਹਨ ਉਹਨਾਂ ਦੁਆਰਾ ਲਿਆਂਦੀ ਕੋਇਲ, ਜੁਗਨੂੰ ਤੇ ਗ਼ੁਲਾਬ ਵੀ ਦੇਖ ਲੈਣੇ। ਉਹ ਵੀ ਏਥੇ ਪਹੁੰਚਣ ਤਕ ਇਸੇ ਤਰ੍ਹਾਂ ਦੇ ਹੋ ਜਾਣੇ ਨੇ। ਦਰਅਸਲ ਇਹ ਸਭ ਮੈਂ ਆਪਣੀ ਹਾਲਤ ਬਿਆਨ ਕਰਨ ਲਈ ਮੰਗਵਾਏ ਸਨ। ਮੇਰਾ ਜੋਬਨ,ਮੇਰਾ ਰੂਪ, ਮੇਰੀ ਅਕਲ, ਮੇਰੀ ਸੁਰੀਲੀ ਅਵਾਜ਼ ਜਿਸ ਵੀ ਚੀਜ਼ ਦੀ ਵੀ ਤੁਸੀਂ ਮਹਿਮਾ ਕਰ ਰਹੇ ਹੋ ਉਹ ਸਭ ਮੇਰੀ ਅਜ਼ਾਦੀ, ਮੇਰੀ ਮਿਹਨਤ, ਮੇਰੇ ਮਨ ਪਸੰਦ ਪ੍ਰੇਮ ਤੇ ਮੇਰੇ ਦੁਆਰਾ ਝੇਲੀਆਂ ਔਕੜਾਂ ਨਾਲ ਜੁੜੀਆਂ ਹੋਈਆਂ ਹਨ।

ਔਕੜਾਂ ਮੈਨੂੰ ਸਿਆਣਪ ਸਿਖਾਉਂਦੀਆਂ ਹਨ, ਮਿਹਨਤ ਨੇ ਮੈਨੂੰ ਤੰਦਰੁਸਤ ਬਣਾਇਆ, ਕੁਦਰਤੀ ਜੀਵਨ ਨੇ ਮੇਰਾ ਰੂਪ ਨਿਖਾਰਿਆ,ਤੇ ਵਿਛੋੜੇ ਨੇ ਮੈਨੂੰ ਗਾਉਣਾ ਸਿਖਾਇਆ, ਧਰਮ ਤੇ ਈਮਾਨ ਦਾ ਸਬਕ ਮੈਨੂੰ ਮੇਰੇ ਮਾਂ-ਬਾਪ ਨੇ ਪੜ੍ਹਾ ਦਿੱਤਾ ਸੀ। ਜੇ ਆਪ ਜੀ ਮੈਨੂੰ ਜ਼ਬਰਦਸਤੀ ਇਹਨਾਂ ਮਹਿਲਾਂ ਵਿਚ ਰਹਿਣ ਲਈ ਮਜ਼ਬੂਰ ਕਰੋਂਗੇ ਤਾਂ ਮੇਰਾ ਹਾਲ ਵੀ ਇਹਨਾਂ ਵਾਲਾ (ਕੋਇਲ,ਜੁਗਨੂੰ ਤੇ ਗ਼ੁਲਾਬ ਵਾਲਾ) ਹੋ ਜਾਣਾ। ਨਾ ਮੇਰੀ ਸੁਰੀਲੀ ਅਵਾਜ਼ ਰਹਿਣੀ ਏ।ਨਾ ਮੈਥੋਂ ਗਾਇਆ

ਜਾਣਾ, ਨਾ ਮੇਰੇ ਦਿਮਾਗ ਦੀ ਰੌਸ਼ਨੀ ਰਹਿਣੀ ਏ, ਨਾ ਮੇਰੇ ਰੂਪ ਦਾ ਖੇੜਾ ਰਹਿਣਾ ਏ। ਮੇਰੇ ਮੁਰਦਿਆਂ ਵਰਗੇ ਸਰੀਰ ਨੂੰ ਤੁਸੀਂ ਕੀ ਕਰੋਂਗੇ?ਅੱਗੇ ਤੁਹਾਡੀ ਮਰਜ਼ੀ! ਤੁਸੀਂ ਮਾਈ ਬਾਪ ਹੋ? ਪਰਜਾ ਪਾਲਕ ਹੋ! ਮਾਲਕ ਹੋ! ਸਾਡੀ ਕੀ ਮਜ਼ਾਲ ਆਪ ਜੀ ਦੀ ਹੁਕਮ ਅਦੁੱਲੀ ਕਰੀਏ!"

ਰਾਜਾ ਸੁੰਦਰੀ ਦੀਆਂ ਗੱਲਾਂ ਸੁਣਦਾ-ਸੁਣਦਾ ਸੁੰਨ ਜਿਹਾ ਹੁੰਦਾ ਜਾ ਰਿਹਾ ਸੀ। ਉਹਨੇ ਇਕ ਦਮ ਸਿਪਾਹੀਆਂ ਨੂੰ ਸੁੰਦਰੀ ਦਾ ਪ੍ਰੇਮੀ ਲੱਭਣ ਲਈ ਚਾਰਾਂ ਦਿਸ਼ਾਵਾਂ ਵੱਲ ਜਾਣ ਦਾ ਹੁਕਮ ਦਿੱਤਾ ਤੇ ਫਿਰ ਭਰੇ ਮਨ ਨਾਲ ਸੁੰਦਰੀ ਦੇ ਸਿਰ 'ਤੇ ਹੱਥ ਰੱਖ ਕੇ ਆਖਿਆ,

"ਸੁੰਦਰੀ ! ਤੇਰੀ ਅਕਲ,ਤੇਰੇ ਸਿਦਕ, ਤੇਰੇ ਈਮਾਨ ਤੋਂ ਮੈਂ ਸਦਕੇ ਜਾਂਦਾ ਹਾਂ। ਤੈਨੂੰ ਉਹ ਸਭ ਕੁਝ ਮਿਲੇ ਜੋ ਤੇਰੀ ਆਤਮਾ ਚਾਹੁੰਦੀ ਏ। ਮੈਂ ਤੈਨੂੰ ਅੱਜ ਤੋਂ ਆਪਣੀ ਧੀ ਬਣਾਉਂਦਾ ਹਾਂ! ਤੂੰ ਜਿੱਥੇ ਵੀ ਰਹਿਣਾ ਹੋਵੇ ਰਹਿ, ਜੋ ਵੀ ਕਰਨਾ ਕਰ ਪਰ ਇਕ ਧੀ ਹੋਣ ਦੇ ਨਾਤੇ ਤੈਨੂੰ ਮੇਰੀ ਇਕ ਗੱਲ ਜ਼ਰੂਰ ਮੰਨਣੀ ਪਵੇਗੀ, ਕਿ ਜਿਉਂ ਹੀ ਉਹ ਗੱਭਰੂ ਆ ਜਾਵੇਗਾ, ਮੈਂ ਤੁਹਾਡਾ ਵਿਆਹ ਇਸੇ ਮਹਿਲ ਵਿਚ ਪੂਰੀ ਸ਼ਾਨੋ ਸ਼ੌਕਤ ਨਾਲ ਕਰਨਾ ਚਾਹਾਂਗਾ। ਤੇਰਾ ਪ੍ਰੇਮ, ਤੇਰਾ ਸਿਦਕ, ਤੇਰਾ ਧਰਮ, ਤੇਰਾ ਈਮਾਨ ਸਦਾ ਸਲਾਮਤ ਰਹੇ।

ਸ਼ਾਨ ਗੁਮਾਨ ਮੁੱਲ ਨਾ ਵਿਕਦੇ

ਨੇਹੁੰ ਨਾ ਲੱਗਦੇ ਜੋਰੀਂ ਜੀ

ਨੇਹੁੰ ਨਾ ਲੱਗਦੇ ਜੋਰੀਂ ਜੀ

ਸਾਰੇ ਦਰਬਾਰੀ, ਰਾਜਾ, ਸੁੰਦਰੀ ਤੇ ਨੌਕਰ ਜਦੋਂ ਦੂਰ ਤੋਂ ਆਉਂਦੀ ਇਹ ਅਵਾਜ਼ ਸੁਣ ਰਹੇ ਸਨ ਤਾਂ ਸਭ ਦੀਆਂ ਅੱਖਾਂ ਨਮ ਸਨ।

# ਬਾਂਦਰੀ ਦੀ ਸਿਆਣਪ

ਇਕ ਘੋੜਿਆਂ ਦਾ ਵਪਾਰੀ ਘੋੜੀ ਖ਼ਰੀਦ ਕੇ ਖ਼ੁਸ਼ੀ-ਖ਼ੁਸ਼ੀ ਵਾਪਸ ਮੁੜ ਰਿਹਾ ਸੀ। ਘੋੜੀ ਸੂਣ ਵਾਲੀ ਸੀ। ਆਪਣੇ ਸ਼ਹਿਰ ਵੱਲ ਜਾਂਦਿਆਂ ਉਹ ਸੋਚਣ ਲੱਗ ਪਿਆ ਕਿ ਦਿਨ ਢਲ ਰਿਹਾ, ਕਿਤੇ ਰਸਤੇ ਵਿਚ ਹੀ ਰਾਤ ਕੱਟਣੀ ਪੈਣੀ ਏ। ਜਦੋਂ ਘੋੜੀਦੀ ਚਾਲ ਵੀ ਮੱਠੀ ਹੁੰਦੀ ਵੇਖੀ ਤਾਂ ਉਹਨੇ ਰੁਕਣ ਦਾ ਪੱਕਾ ਇਰਾਦਾ ਕਰ ਲਿਆ।ਉੱਤੋਂ ਰਾਤ ਪੈ ਰਹੀ ਸੀ ਤੇ ਉਹਦਾ ਸ਼ਹਿਰ ਅਜੇ ਖਾਸਾ ਦੂਰ ਸੀ। ਦੇਰ ਰਾਤ ਤਕ ਉਹ ਸੁੰਨਸਾਨ ਰਸਤੇ ਵਿੱਚੋਂ ਗੁਜ਼ਰਦਾ ਰਿਹਾ, ਰਸਤੇ ਵਿੱਚ ਇਕ ਪਿੰਡ ਆਇਆ।

ਉਹਨੇ ਉਸ ਪਿੰਡ ਵਿਚ ਕਿਸੇ ਦੇ ਘਰ ਰੁਕਣ ਬਾਰੇ ਸੋਚਿਆ ਪਰ ਰਾਤ ਕਾਫ਼ੀ ਹੋ ਜਾਣ ਕਰਕੇ ਕਿਸੇ ਘਰ ਦਾ ਦਰਵਾਜ਼ਾ ਖੜਕਾਉਣੋਂ ਵੀ ਝਿਜਕ ਰਿਹਾ ਸੀ।

ਅਚਾਨਕ ਉਹਨੂੰ ਬਲਦਾਂ ਦੀਆਂ ਟੱਲੀਆਂ ਦੀ ਅਵਾਜ਼ ਸੁਣੀ। ਜਿਸ ਘਰ ਵਿਚੋਂ ਇਹ ਅਵਾਜ਼ ਆ ਰਹੀ ਸੀ ਉਹਦੇ ਅੱਗੇ ਰੁਕ ਗਿਆ ਤੇ ਝਿਜਕਦਿਆਂ-ਝਿਜਕਦਿਆਂ ਦਰਵਾਜ਼ਾ ਖੜਕਾਇਆ। ਦਰਵਾਜ਼ਾ ਖੁੱਲ੍ਹਿਆ ਤਾਂ ਉਹਨੂੰ ਪਤਾ ਲੱਗਾ ਕਿ ਇਹ ਇਕ ਤੇਲੀ ਦਾ ਘਰ ਹੈ। ਤੇਲੀ ਦੇ ਬਲਦ ਕੋਹਲੂ ਗੇੜ ਰਹੇ ਸਨ।

ਵਪਾਰੀ ਨੇ ਉਸ ਤੇਲੀ ਨੂੰ ਰਾਤ ਕਟਾਉਣ ਲਈ ਬੇਨਤੀ ਕੀਤੀ ਤਾਂ ਤੇਲੀ ਨੇ ਉਹਨੂੰ ਭੋਜਨ ਛਕਣ ਅਤੇ ਬੇਫ਼ਿਕਰ ਹੋ ਕੇ ਰਾਤ ਰਹਿਣ ਲਈ ਆਖਿਆ।ਭੋਜਨ ਛਕਣ ਬਾਅਦ ਵਪਾਰੀ ਕੋਠੇ 'ਤੇ ਜਾ ਕੇ ਸੌਂ ਗਿਆ। ਸਾਰੇ ਦਿਨ ਦਾ ਥੱਕਿਆ ਹੋਣ ਕਰਕੇ ਪੈਂਦਿਆਂ ਹੀ ਉਹਨੂੰ ਨੀਂਦ ਆ ਗਈ।

ਅੱਧੀ ਕੁ ਰਾਤ ਨੂੰ ਵਪਾਰੀ ਦੀ ਘੋੜੀ ਸੂ ਪਈ ਘੋੜੀ ਨੇਖ਼ੂਬਸੂਰਤ ਵਛੇਰਾ ਦਿੱਤਾ। ਵਛੇਰਾ ਵੇਖ ਕੇ ਤੇਲੀ ਦੇ ਮਨ ਵਿਚ ਬੇਈਮਾਨੀ ਆ ਗਈ। ਉਹਨੇ ਵਛੇਰਾ ਆਪਣੇ ਕੋਹਲੂ ਨਾਲ ਬੰਨ੍ਹ ਦਿੱਤਾ। ਸੁਵੱਖਤੇ ਹੀ ਆਂਢ-ਗੁਆਂਢ ਵਿਚ ਗੁੜ ਵੰਡਕੇ ਇਹ ਖ਼ਬਰ ਫ਼ੈਲਾ ਦਿੱਤੀ ਕਿ ਰਾਤ ਉਹਦੇ ਕੋਹਲੂ ਨੇ ਵਛੇਰਾ ਦਿੱਤਾ ਹੈ।

ਦਿਨ ਚੜ੍ਹੇ ਤੇਲੀ ਨੇ ਵਪਾਰੀ ਨੂੰ ਜਗਾਇਆ ਤੇ ਕੋਹਲੂ ਕੋਲ ਲਿਜਾ ਕੇ ਉਹਨੂੰ ਦੱਸਣ ਲੱਗਾ, “ਮੇਰਾ ਕੋਹਲੂ ਸੂ ਪਿਆ, ਆਹ ਦੇਖ! ਇਹਨੇ ਕਿੰਨ੍ਹਾ ਸੋਹਣਾ ਵਛੇਰਾ ਦਿੱਤਾ।ਵਪਾਰੀ ਨੂੰ ਸਮਝਣ ਵਿਚ ਦੇਰ ਨਾ ਲੱਗੀ ਕਿ ਤੇਲੀ ਬਹੁਤ ਵੱਡਾ ਧੋਖਾ ਕਰ ਰਿਹਾ ਹੈ। ਉਹ ਚੁੱਪ-ਚਾਪ ਘਰੋਂ ਬਾਹਰ ਗਿਆ ਤੇ ਤੇਲੀ ਦੇ ਆਂਢ-ਗੁਆਂਢ ਨੂੰ ਸੱਦ ਲਿਆਇਆ। ਤੇਲੀ ਪੈਰਾਂ ’ਤੇ ਪਾਣੀ ਨਹੀਂ ਪੈਣ ਦੇ ਰਿਹਾ ਸੀ। ਆਂਢ-ਗੁਆਂਢ ਵੀ ਤੇਲੀ ਦੇ ਹੱਕ ਵਿਚ ਬੋਲਣ ਲੱਗਾ। ਕੋਈਸੁਣਵਾਈ ਨਾ ਹੁੰਦੀ ਵੇਖ ਕੇ ਵਪਾਰੀ ਨੇ ਪਿੰਡ ਦੇ ਚੌਧਰੀ ਕੋਲ ਜਾ ਕੇ ਅਰਜ਼ ਕੀਤੀ।ਚੌਧਰੀ ਨੇ ਗੱਲ ਦਾ ਨਿਪਟਾਰਾ ਕਰਨ ਲਈ ਆਪਣੇ ਬੰਦੇ ਉਹਦੇ ਨਾਲ ਭੇਜ ਦਿੱਤੇ। ਤੇਲੀ ਨੇ ਚੌਧਰੀ ਦੇ ਬੰਦੇ ਵੀ ਗੰਢ ਲਏ। ਉਹ ਵੀ ਆਣ ਕੇ ਤੇਲੀ ਦੀ ਬੋਲੀ ਹੀ ਬੋਲਣ ਲੱਗ ਪਏ। ਉਹਨਾਂ ਨੇ ਸਭ ਦੇ ਸਾਹਮਣੇ ਵਪਾਰੀ ਨੂੰਪੁੱਛਿਆ,

“ਦੇਖ ਬਈ ਮਿੱਤਰਾ! ਫ਼ੈਸਲੇ ਹੁੰਦੇ ਨੇ ਗਵਾਹੀਆਂ ਦੇ ਸਿਰ ’ਤੇ। ਇਹ ਸਾਰੇ ਇਸ ਗੱਲ ਦੀ ਗਵਾਹੀ ਦੇ ਰਹੇ ਹਨ ਕਿ ਤੇਲੀ ਦਾ ਕੋਹਲੂ ਸੂਣ ਵਾਲਾ ਸੀ ਤੇ ਰਾਤ ਨੂੰ ਸੂ ਪਿਆ, ਤੇਰਾ ਕੋਈ ਗਵਾਹ ਹੈ? ਜੋ ਇਸ ਗੱਲ ਦੀ ਗਵਾਹੀ ਦੇਵੇ ਕਿ ਤੇਰੀ ਘੋੜੀ ਸੂਣ ਵਾਲੀ ਸੀ ਤੇ ਰਾਤ ਸੂ ਪਈ ?

ਚੌਧਰੀ ਦੇ ਬੰਦਿਆਂ ਦਾ ਇਹ ਸੁਆਲ ਵਪਾਰੀ ਨੂੰ ਸੁੰਨ ਕਰ ਗਿਆ। ਉਹ ਡੌਰ ਭੌਰ ਜਿਹਾ ਹੋ ਕੇ ਏਧਰ-ਓਧਰ ਵੇਖਣ ਲੱਗ ਪਿਆ। ਫਿਰ ਕਹਿਣ ਲੱਗਾ,

“ਹਾਂ, ਹਾਂ ਅਜੇ ਕੱਲ੍ਹ ਹੀ ਤਾਂ ਖ਼ਰੀਦੀ ਏ ਘੋੜੀ ਮੈਂ, ਜੀਹਦੇ ਤੋਂ ਖ਼ਰੀਦੀ ਏ ਉਹਨੂੰ ਲੱਭ ਲਿਆਉਂਦਾ ਹਾਂ।” ਚੌਧਰੀ ਦੇ ਬੰਦੇ ਕਹਿੰਦੇ, “ਠੀਕ ਹੈ, ਤੂੰ ਲੈ ਕੇ ਆ ਆਪਣੇ ਗਵਾਹ ਨੂੰ, ਜਦੋਂ ਆ ਗਿਆ ਤਾਂ ਸਾਨੂੰ ਬੁਲਾ ਲਵੀਂ।”

ਵਪਾਰੀ ਉਥੋਂ ਤੁਰ ਪਿਆ। ਹੈਰਾਨ ਪਰੇਸ਼ਾਨ ਹੋਇਆ ਤੁਰਿਆ ਜਾ ਰਿਹਾ ਸੀ ਤਾਂ ਇਕ ਦਰੱਖਤ ਉੱਤੋਂ ਬਾਂਦਰੀ ਦੇ ਗਾਉਣ ਦੀ ਅਵਾਜ਼ ਸੁਣੀ

ਹੱਸਦਾ, ਹੱਸਦਾ ਜਾਵੇ ਰਾਹੀ
ਆਉਂਦਾ ਦਿਸੇ ਉਦਾਸ !
ਕੀ ਏਹਦਾ ਕੋਈ ਕੰਮ ਵਿਗੜਿਆ
ਜਾਂ ਕੋਈ ਟੁੱਟ ਗਈ ਆਸ
ਜਾਂ ਫਿਰ ਪੈ ਗਿਆ ਘਾਟਾ ਭਾਰੀ
ਚੀਜ਼ ਗਵਾਚੀ ਖ਼ਾਸ !
ਜਾਂਦਾ ਤਾਂ ਸੀ ਹੱਸਦਾ ਹੱਸਦਾ
ਹੁਣ ਕਿਉਂ ਦਿਸੇ ਉਦਾਸ !
ਇਹ ਰਾਹੀ ਹੁਣ ਕਿਉਂ ਦਿਸੇ ਉਦਾਸ।

ਵਪਾਰੀ ਨੇ ਰੁਕ ਕੇ ਇਹ ਸਾਰਾ ਗੀਤ ਸੁਣਿਆ ਤੇ ਫਿਰ ਚਕਾਚੌਂਧ ਜਿਹਾ ਹੋ ਕੇ ਉਪਰ ਦੇਖਣ ਲੱਗਾ। ਦਰੱਖਤ 'ਤੇ ਬੈਠੀ ਬਾਂਦਰੀ ਓਸੇ ਵੱਲ ਇਸ਼ਾਰੇ ਕਰ ਕਰਕੇ ਗਾ ਰਹੀ ਸੀ।

ਵਪਾਰੀ ਨੇ ਬਾਂਦਰੀ ਨਾਲ ਆਪਣਾ ਦੁੱਖ ਸਾਂਝਾ ਕੀਤਾ। ਬਾਂਦਰੀ ਨੇ ਤੁਰੰਤ ਕਿਹਾ, ਤੂੰ ਮੈਨੂੰ ਆਪਣੀ ਗਵਾਹ ਬਣਾ ਕੇ ਲੈ ਚੱਲ ਮੈਂ ਕਰਾਵਾਂਗੀ ਤੇਰੇ ਹੱਕ ਵਿਚ ਫ਼ੈਸਲਾ!

ਅਜੇ ਸਾਰੇ ਬੰਦੇ ਤੇਲੀ ਦੇ ਘਰੇ ਬੈਠੇ ਹੀ ਖਾ ਰਹੇ ਸਨ। ਤੇਲੀ ਨੂੰ ਵਧਾਈਆਂ ਦਿੰਦੇ ਖਚਰੇ ਹਾਸੇ ਹੱਸਦੇ ਆਖ ਰਹੇ ਸਨ, ਉਹਨੂੰ ਲਾਹਤਾ ਤੇਰੇ ਮਗਰੋਂ, ਹੁਣ ਉਹਨੂੰ ਨਾ ਕੋਈ ਗਵਾਹ ਮਿਲੇ ਤੇ ਨਾ ਉਹ ਆਵੇ, ਜੇ ਗਵਾਹ ਮਿਲ ਵੀ ਗਿਆ ਤਾਂ ਆਪਾਂ ਉਹਨੂੰ ਵੀ ਝੂਠਾ ਕਰ ਦੇਵਾਂਗੇ, ਹਾ! ਹਾ! ਹਾ!''

ਜਦੋਂ ਇਹਨਾਂ ਨੇ ਵਪਾਰੀ ਦੇ ਨਾਲ ਬਾਂਦਰੀ ਆਉਂਦੀ ਵੇਖੀ ਤਾਂ ਹੋਰ ਉੱਚੀਉੱਚੀ ਹੱਸਣ ਲੱਗ ਪਏ।

"ਵੇਖੋ ਬਈ ਕੋਈ ਬੰਦਾ ਤਾਂ ਇਹਨੂੰ ਮਿਲਿਆ ਨਈਂ, ਬਾਂਦਰੀ ਲਈ ਆਉਂਦਾ।"

"ਓ ਝੂਠੇ ਬੰਦਿਆਂ ਨਾਲ ਕੌਣ ਤੁਰਦਾ ਏ......!"

ਅਜਿਹੀਆਂ ਠਹਾਕੇਦਾਰ ਗੱਲਾਂ ਕਰਦੇ ਸਾਰੇ ਵਪਾਰੀ ਦਾ ਮਜ਼ਾਕ ਉਡਾਈ ਗਏ। ਬਾਂਦਰੀ ਨੇ ਵਪਾਰੀ ਨੂੰ ਆਂਢ-ਗੁਆਂਢ ਦੀਆਂ ਬੁੜ੍ਹੀਆਂ ਬੁਲਾਉਣ ਲਈ ਕਹਿ ਦਿੱਤਾ ਤੇ ਆਪ ਆਉਂਦਿਆਂ ਹੀ ਕੋਹਲੂਨਾਲ ਲੱਗੇ ਪੇਚਾਂ-ਪੱਤੀਆਂ ਨੂੰ ਚੂਸਣ ਲੱਗ ਪਈ। ਕੋਹਲੂ ਦੇ ਆਸ-ਪਾਸ ਜਿੱਥੇ ਵੀ ਜਗ੍ਹਾ ਮਿਲਦੀ ਉਥੋਂ ਹੀ ਚੂਸ ਰਹੀ ਸੀ। ਉਹਨੂੰ ਇਉਂ ਕਰਦਿਆਂ ਵੇਖ ਕੇ ਸਾਰੇ ਆਖਣ ਲੱਗ ਪਏ।

"ਓ ਇਹ ਕੀ ਕਰੀ ਜਾਂਦੀ ਏ ??

ਓ ਇਹ ਕੀ! ਇਹ ਕੀ ਲੱਛਣ ਕਰੀ ਜਾਂਦੀ ਏ?"ਜਦੋਂ ਕੁਝ ਬੁੜੀਆਂ ਓਥੇਆ ਗਈਆਂ ਤਾਂ ਬਾਂਦਰੀ ਟਪੂਸੀ ਮਾਰ ਕੇ ਕੋਹਲੂ ਉੱਤੇ ਬੈਠ ਗਈ। ਕੋਹਲੂ 'ਤੇ ਬੈਠ ਕੇ ਆਖਣ ਲੱਗੀ,

"ਤੁਸੀਂ ਸਾਰੇ ਤਾਂ ਖਾਈ-ਪੀ ਜਾਂਦੇ ਹੋ, ਤੁਹਾਡੇ 'ਚੋਂ ਕਿਸੇ ਨੇ ਵਿਚਾਰੇ ਵਛੇਰੇ ਦਾ ਫ਼ਿਕਰ ਕੀਤਾ ਏ? ਮੈਂ ਤਾਂ ਵਛੇਰੇ ਲਈ ਦੁੱਧ ਦਾ ਫ਼ਿਕਰ ਕਰ ਰਹੀ ਸੀ। ਵੇਖ ਰਹੀ ਸੀ ਕਿ ਇਹ ਕੋਹਲੂ ਵਛੇਰੇ ਨੂੰ ਦੁੱਧ ਕਿੱਥੋਂ ਚੁੰਘਾਏਗਾ!" ਫੇਰ ਓਹ ਕੋਹਲੂਤੋਂ ਥੱਲੇ ਉਤਰ ਕੇ ਸਾਰਿਆਂ ਦੇ ਵਿਚਾਲੇ ਖੜ੍ਹ ਕੇ ਓਥੇ ਇਕੱਠੀਆਂ ਹੋਈਆਂ ਔਰਤਾਂ ਨੂੰ ਕਹਿਣ ਲੱਗੀ,

"ਆਪਣੀ ਮਮਤਾ ਦੀ ਸਹੁੰ ਖਾ ਕੇ ਦੱਸੋ ਭੈਣੋਂ! ਅਜੇ ਤੀਕ ਤੁਸੀਂ ਕੋਈ ਇਹੋ ਜਿਹਾ ਜਾਨਵਰ ਜਾਂ ਪਸ਼ੂ ਦੇਖਿਆ ਜੀਹਦੇ ਅੰਦਰ ਆਪਣੇ ਬੱਚੇ ਜੋਗਾ ਵੀ ਦੁੱਧ ਨਾ ਹੋਵੇ? ਕੀ ਇਹੋ ਜਿਹੀ ਕੋਈ ਮਾਂ ਵੇਖੀ ਹੈ! ਬੱਚਾ ਪੈਦਾ ਕਰਕੇ ਜੀਹਦਾ ਦੁੱਧ ਹੀ ਨਾ ਉਤਰੇ?" ਫੇਰ ਉਹ ਕੋਹਲੂ ਕੋਲ ਜਾ ਕੇ ਆਖਣ ਲੱਗੀ, "ਮੈਂ ਇਹਨੂੰ ਹਰਪਾਸਿਓਂ ਟੋਹ-ਟੋਹ ਕੇ ਵੇਖ ਲਿਆ ਏ ਇਕ ਬੂੰਦ ਵੀ ਦੁੱਧ ਦੀ ਨਹੀਂ ਮਿਲੀ। ਆਓ, ਤੁਸੀਂ ਵੀ ਸਾਰੇ ਦੇਖ ਲਓ, ਵਛੇਰੇ ਜੋਗਾ ਦੁੱਧ ਤਾਂ ਇਹਨੂੰ ਦੇਣਾ ਹੀ ਚਾਹੀਦਾ!"

ਇਹ ਸੁਣ ਕੇ ਸਾਰੇ ਬੰਦਿਆਂ ਨੇ ਨੀਵੀਂ ਪਾ ਲਈ। ਔਰਤਾਂ ਨੇ ਇਕੋ ਸਾਹ ਹੀ ਕਿਹਾ, "ਹਾਂ ਬਈ ਬਾਂਦਰੀ ਬਿਲਕੁਲ ਠੀਕ ਕਹਿ ਰਹੀ ਹੈ। ਵਛੇਰਾ ਵਿਚਾਰਾ ਦੁੱਧ ਖੁਣੋਂ ਭੁੱਖਾ ਮਰ ਜਾਵੇਗਾ।
ਇਹਦਾ ਪ੍ਰਬੰਧ ਕਰਨਾ ਚਾਹੀਦਾ।"

ਫਿਰ ਬਾਂਦਰੀ ਨੇ ਵਛੇਰੇ ਦੀ ਰੱਸੀ ਖੋਲ੍ਹ ਦਿੱਤੀ ਤੇ ਕਿਹਾ,

"ਆਉ ਆਪਾਂ ਸਾਰੇ ਇਹਨੂੰ ਕੋਹਲੂ ਦਾ ਦੁੱਧ ਚੁੰਘਦਾ ਵੇਖੀਏ।"

ਰੱਸੀ ਖੋਲ੍ਹਣ ਦੀ ਦੇਰ ਸੀ ਕਿ ਵਛੇਰਾ ਭੱਜ ਕੇ ਘੋੜੀ ਕੋਲ ਆ ਗਿਆ। ਆਉਂਦਿਆਂ ਸਾਰ ਘੋੜੀ ਦਾ ਦੁੱਧ ਚੁੰਘਣ ਲੱਗਾ।

ਇਹ ਵੇਖ ਕੇ ਸਾਰਿਆਂ ਦੀ ਜ਼ੁਬਾਨ 'ਤੇ ਤਾਲੇ ਲੱਗ ਗਏ। ਵਪਾਰੀ ਤੇ ਬਾਂਦਰੀ ਖੁਸ਼ੀ-ਖੁਸ਼ੀ ਘੋੜੀ ਤੇ ਵਛੇਰੇ ਨੂੰ ਲੈ ਕੇ ਤੁਰ ਪਏ। ਹੁਣ ਇਹਨਾਂ ਨੂੰ ਰੋਕਣ ਦੀ ਕਿਸੇ ਵਿਚ ਹਿੰਮਤ ਨਹੀਂ ਸੀ। ਘੋੜੀ 'ਤੇ ਬੈਠ ਕੇ ਬਾਂਦਰੀ ਗਾ ਰਹੀ ਸੀ :

ਮੰਨਿਆ ਝੂਠ ਤੇ ਰਿਸ਼ਵਤ ਹੋ ਗਏ
ਹਰ ਪਾਸੇ ਪ੍ਰਧਾਨ
ਸੱਚ ਦੇ ਕੋਲੇ ਹੁੰਦਾ ਹੈ ਪਰ
ਆਪਣਾ ਤੀਰ ਕਮਾਨ
ਜੇਕਰ ਇਹੋ ਚਲਾਉਣਾ ਆਜੇ
ਲੱਗਦੇ ਜਿੱਤ-ਨਿਸ਼ਾਨ

# ਜ਼ਹਿਰ ਦੀ ਥੈਲੀ

ਇਕ ਵਾਰ ਦੀ ਗੱਲ ਹੈ ਤਿੰਨ ਵਪਾਰੀ ਮਿੱਤਰਾਂ ਨੇ ਵਪਾਰ ਕਰਨ ਲਈ ਦੂਰ ਦੇਸ਼ ਜਾਣ ਬਾਰੇ ਸੋਚਿਆ।ਪੂਰੀ ਤਿਆਰੀ ਕਰਨ ਤੋਂ ਬਾਅਦ ਉਹ ਅਸ਼ੀਰਵਾਦ ਲੈਣ ਲਈ ਆਪਣੇ ਗੁਰੂ ਦੇ ਡੇਰੇ ਚਲੇ ਗਏ। ਗੁਰੂ ਨੂੰ ਮੱਥਾ ਟੇਕ ਕੇ ਆਪਣੀ ਸਾਰੀ ਵਿਉਂਤ ਬਾਰੇ ਦੱਸਿਆ। ਵਪਾਰ ਦੇ ਵਾਧੇ ਤੇ ਸੁਖੀ ਸੁਹਾਣੀ ਯਾਤਰਾ ਦੀਖ਼ੈਰ ਮੰਗੀ। ਗੁਰੂ ਨੇ ਅਸ਼ੀਰਵਾਦ ਦਿੰਦਿਆਂ ਕਿਹਾ,

"ਦੇਖੋ ਮੇਰੇ ਪਿਆਰਿਓ! ਤੁਸੀਂ ਤਿੰਨੇ ਬੜੇ ਕਾਬਲ ਇਨਸਾਨ ਹੋ। ਤੁਹਾਡੀ ਮਿੱਤਰਤਾ ਇੰਜ ਹੀ ਬਣੀ ਰਹਿਣੀ ਚਾਹੀਦੀ ਏ। ਜੇ ਤਿੰਨੇ ਇਕੱਠੇ ਰਹੇ ਤਾਂ ਮਿੱਟੀ ਨੂੰ ਵੀ ਸੋਨਾ ਬਣਾ ਕੇ ਲੈ ਆਵੋਂਗੇ ਤੇ ਜੇਕਰ ਮਾਇਆ ਮੋਹ ਦੇ ਵੱਸ ਪੈ ਕੇ ਅੱਡ-ਅੱਡ ਹੋ ਗਏ ਤਾਂ ਸੋਨਾ ਵੀ ਮਿੱਟੀ ਬਣਾ ਲਵੋਂਗੇ। ਸਬਰ, ਸੰਤੋਖ ਤੇ ਈਮਾਨਕਾਇਮ ਰੱਖਣਾ, ਆਪਣੀ ਮਿਹਨਤ 'ਤੇ ਵਿਸ਼ਵਾਸ ਰੱਖਣਾ। ਰੱਬ ਖ਼ੈਰ ਕਰੇ!

ਤਿੰਨਾਂ ਦੋਸਤਾਂ ਨੇ ਝੁਕ ਕੇ ਕਿਹਾ, “ਸਤ ਬਚਨ ਗੁਰੂ ਜੀ, ਆਪ ਜੀ ਦੀ ਸਿੱਖਿਆ ਨੂੰ ਹਮੇਸ਼ਾ ਅੰਗ ਸੰਗ ਰੱਖਾਂਗੇ।” ਜਦੋਂ ਉਹ ਉਠ ਕੇ ਜਾਣ ਲੱਗੇ ਤਾਂ ਗੁਰੂ ਨੇ ਰੋਕ ਕੇ ਇਕ ਤਾਕੀਦ ਕੀਤੀ,

“ਦੇਖੋ ਬਈ ਜਿਸ ਦਿਸ਼ਾ ਵੱਲ ਤੁਸੀਂ ਜਾ ਰਹੇ ਹੋ, ਉਸ ਦਿਸ਼ਾ ਵੱਲ ਜਦੋਂ ਮੈਂ ਦਿੱਭ-ਦ੍ਰਿਸ਼ਟੀ ਨਾਲ ਦੇਖਿਆ ਤਾਂ ਰਾਹ ਵਿਚ ਇਕ ਚਮਕਦਾਰ ਥੈਲੀ ਨਜ਼ਰ ਆਈ। ਮੈਂ ਤੁਹਾਨੂੰ ਚੌਕੰਨੇ ਕਰਦਾ ਹਾਂ ਉਸ ਥੈਲੀ ਵੱਲ ਦੇਖਣਾ ਵੀ ਨਾ। ਜੇਕਰ ਭੁੱਲ ਭੁਲੇਖੇ ਨਜ਼ਰਾਂ ਉਸ ਥੈਲੀ 'ਤੇ ਟਿਕ ਵੀ ਗਈਆਂ ਤਾਂ ਉਹਦੇ ਕੋਲ ਇੱਕਪਲ ਵੀ ਨਾ ਰੁਕਿਓ, ਜੇਕਰ ਰੁਕਣਾ ਪੈ ਗਿਆ ਤਾਂ ਉਸਨੂੰਹੱਥ ਲਾਇਓ, ਜੇਕਰ ਹੱਥ ਲਾਉਣਾ ਪੈ ਹੀ ਗਿਆ ਤਾਂ ਉਹਨੂੰ ਚੁੱਕਿਓਂ ਨਾ, ਜੇਕਰ ਚੁੱਕ ਲਈ ਤਾਂ ਨਾਲ ਲੈ ਕੇ ਨਾ ਤੁਰਿਓ, ਜੇਕਰ ਨਾਲ ਲੈ ਕੇ ਵੀ ਤੁਰ ਪਏ ਤਾਂ ਉਸਨੂੰ ਖੋਲ੍ਹਣਦੀ ਗ਼ਲਤੀ ਨਹੀਂ ਕਰਨੀ, ਜੇਕਰ ਖੋਲ੍ਹਣ ਦੀ ਗ਼ਲਤੀ ਵੀ ਕਰ ਬੈਠੇ ਤਾਂ ਉਸਨੂੰ ਉੱਥੇ ਹੀ ਟੋਆ ਪੁੱਟ ਕੇ ਦੱਬ ਦੇਣਾ।"

ਤਿੰਨਾਂ ਮਿੱਤਰਾਂ ਨੇ ਗੁਰੂ ਦਾ ਕੋਟਿ-ਕੋਟਿ ਧੰਨਵਾਦ ਕਰਦਿਆਂ ਫਿਰ ਕਿਹਾ,“ਸਤਿ-ਬਚਨ ਗੁਰੂ ਜੀ।”

ਫਿਰ ਆਪਣਾ ਸਮਾਨ ਚੁੱਕਦੇ ਦੂਰ ਦੇਸ਼ ਵੱਲ ਤੁਰ ਪਏ। ਤਿੰਨਾਂ ਦੇ ਮਨ ਵਿਚ ਗੁਰੂ ਵੱਲੋਂ ਚੌਕਸ ਕਰਨ ਲਈ ਕੀਤੀਆਂ ਗਈਆਂ ਗੱਲਾਂ ਘੁੰਮ ਰਹੀਆਂ ਸਨ। ਕਾਫ਼ੀ ਦੂਰ ਜਾ ਕੇ ਰਸਤੇ ਵਿਚ ਚਮਕਦੀ ਥੈਲੀ ਨਜ਼ਰੀਂ ਪਈ । ਤਿੰਨਾਂ ਨੂੰ ਗੁਰੂ ਦੀ ਗੱਲ ਯਾਦ ਆਈ । ਤਿੰਨੇ ਮੂੰਹ ਪਾਸੇ ਕਰਕੇ ਉਸ ਥੈਲੀ ਕੋਲੋਂ ਲੰਘ ਗਏ । ਉਹਨਾਂ 'ਚੋਂ ਇਕ ਨੇ ਕਿਹਾ, ਯਾਰ ਦੇਖਣ ਤੋਂ ਤਾਂ ਬਹੁਤਾ ਮਨ੍ਹਾ ਨਹੀਂ ਕੀਤਾ ਸੀ ਗੁਰੂ ਜੀ ਨੇ! ਚੱਜ ਨਾਲ ਵੇਖ ਤਾਂ ਲੈਂਦੇ! ਏਨੀ ਸੋਹਣੀ ਚਮਕਦਾਰ ਥੈਲੀ ਪਹਿਲਾਂ ਤਾਂ ਕਿਤੇ ਆਪਾਂ ਦੇਖੀ ਵੀ ਨਹੀਂ।” ਦੂਜੇ ਦੋਵੇਂ ਮਿੱਤਰਾਂ ਨੇ ਵੀ ਤੁਰੰਤ ਸਹਿਮਤੀ ਪ੍ਰਗਟ ਕਰਦਿਆਂ ਕਿਹਾ, “ਹਾਂ ਯਾਰ ਦੇਖਣ ਵਿਚ ਤਾਂ ਕੋਈ ਹਰਜ਼ਨਹੀਂ, ਦੇਖ ਕੇ

ਰੁਕਦੇ ਨਹੀਂ, ਉਦੋਂ ਈ ਉਥੋਂ ਤੁਰ ਪਵਾਂਗੇ।" ਇਹ ਗੱਲਾਂ ਕਰਦਿਆਂ ਤਿੰਨੇ ਵਾਪਸ ਮੁੜ ਥੈਲੀ ਕੋਲ ਮੁੜ ਆਏ। ਦੂਜਾ ਮਿੱਤਰ ਕਹਿੰਦਾ ਹੁਣ ਰੁਕ ਤਾਂ ਗਏ ਹਾਂ ਹੱਥ ਲਾ ਕੇ ਵੇਖ ਤਾਂ ਲਈਏ ਇਹ ਚੀਜ਼ ਕੀ ਏ!" "ਹਾਂ! ਹਾਂ! ਤੀਜੇ ਮਿੱਤਰ ਨੇ ਕਿਹਾ ਬਿਲਕੁਲ ਬੈਠ ਕੇ ਟੋਹ ਕੇ ਵੇਖੋ, ਬਸ ਚੁੱਕਣੀ ਨਹੀਂ, ਪਹਿਲੇ ਮਿੱਤਰ ਨੇ ਕਿਹਾ "ਇੰਜ ਤਾਂ ਚੁੱਕਣ ਵਿਚ ਵੀ ਕੋਈ ਹਰਜ਼ ਨਹੀਂ ਗੁਰੂਜੀ ਨੇ ਕਿਹਾ ਸੀ ਚੁੱਕ ਕੇ ਨਾਲ ਨਹੀਂ ਲਿਜਾਣੀ।"

ਇਹ ਗੱਲਾਂ ਕਰਦਿਆਂ-ਕਰਦਿਆਂ ਉਹ ਥੈਲੀ ਚੁੱਕ ਕੇ ਵਾਰ-ਵਾਰ ਵੇਖਣ ਲੱਗ ਪਏ। ਇਕ ਮਿੱਤਰ ਨੇ ਕਿਹਾ "ਯਾਰ, ਇਹਦੇ ਵਿਚ ਕੁਝ ਖੜਕਦਾ ਲੱਗਦਾ।ਦੂਜੇ ਨੇ ਕਿਹਾ, "ਫੇਰ ਖੋਲ੍ਹ ਕੇ ਵੇਖਣ ਵਿਚ ਕੀ ਹਰਜ਼ ਏ? ਦੂਜੇ ਦੋਹਾਂ ਨੇਸਹਿਮਤੀ ਪ੍ਰਗਟ ਕਰਦਿਆਂ ਕਿਹਾ,

"ਹਾਂ ਹਰਜ਼ ਤਾਂ ਕੋਈ ਨਹੀਂ ਚਲੋ ਨਾਲ ਈ ਲੈ ਚੱਲਦੇ ਹਾਂ, ਕਿਤੇ ਛਾਵੇਂ ਬਹਿ ਕੇ ਖੋਲ੍ਹਾਂਗੇ।"

ਰਸਤੇ ਵਿਚ ਖੂਹ ਕੋਲ ਸੰਘਣੀ ਛਾਂ ਵੇਖ ਕੇ ਉਹ ਰੁਕ ਗਏ। ਤਿੰਨੇ ਥੈਲੀ ਖੋਲ੍ਹ ਕੇ ਵੇਖਣ ਲਈ ਕਾਹਲੇ ਸਨ। ਜਿਉਂ ਹੀ ਥੈਲੀ ਖੋਲ੍ਹੀ ਤਿੰਨਾਂ ਨੇ ਇਕੋ ਸਾਹ ਨਾਲ ਕਿਹਾ,

"ਓਏ ਸੋਨੇ ਦੀਆਂ ਮੋਹਰਾਂ!!!"

ਤਿੰਨੇ ਖ਼ੁਸ਼ੀ ਵਿਚ ਪਾਗਲ ਹੋ ਰਹੇ ਸਨ, ਉੱਠ ਕੇ ਨੱਚਣ ਲੱਗ ਪਏ, ਤਾੜੀਆਂ ਮਾਰਦੇ ਆਪਸ ਵਿਚ ਗੱਲਾਂ ਕਰਨ ਲੱਗੇ,

"ਆਪਾਂ ਕਈ ਮਹੀਨੇ ਖਪ ਕੇ ਜਿਹੜੇ ਪੈਸੇ ਬਣਾਉਣੇ ਸੀ, ਉਦੂੰ ਕਈ ਗੁਣਾਂ ਵੱਧ ਤਾਂ ਰਾਹ ਵਿਚ ਈ ਮਿਲ ਗਏ।" "ਕੀ ਖ਼ਿਆਲ ਏ! ਫਿਰ ਮੁੜੀਏ ਵਾਪਸ? ਘਰਾਂ ਵਿਚ ਰਹੀਏ ਐਸ਼ ਕਰੀਏ!" ''ਓ ਨਹੀਂ ਯਾਰ ਜਿਹੜੇ ਰਾਹ ਵੱਲ ਜਾਂਦਿਆਂ ਹੀ ਏਨਾ ਲਾਭ ਹੋ ਗਿਆ ਅੱਗੇ ਵੀ ਸੋਚੋ ਕੀ ਕੁਝ ਮਿਲ ਸਕਦਾ!" "ਹਾਂ! ਹਾਂ!

ਬਿਲਕੁਲ ਠੀਕ ਏ। ਪਰ ਹੁਣ ਏਥੇ ਬਹੁਤਾ ਚਿਰ ਨਹੀਂ ਬੈਠਣਾ ਚਾਹੀਦਾ।''

ਬਿਲਕੁਲ! ਇਹੋ ਜਿਹੇ ਸੁੰਨਸਾਨ ਰਾਹਾਂ ਵਿਚ ਚੋਰਾਂ ਡਾਕੂਆਂ ਦਾ ਕੋਈ ਪਤਾ ਨਹੀਂ ਲੱਗਦਾ, ਕਿਧਰੋਂ ਨਿਕਲ ਆਉਂਦੇ ਨੇ। ਚਲੋ ਫਿਰ ਚੱਲੀਏ! ਜਲਦੀ ਆਥਣ ਤੋਂ ਪਹਿਲਾਂ-ਪਹਿਲਾਂ ਸ਼ਹਿਰ ਪਹੁੰਚੀਏ, ਤੇ ਰਹਿਣ ਲਈ ਕੋਈ ਠਿਕਾਣਾ ਲੱਭੀਏ।'' ਇਉਂ ਤਿੰਨੇ ਆਪਸ ਵਿਚ ਸਲਾਹਾਂ ਕਰਦੇ ਰਹੇ।

ਤਿੰਨੇ ਜਣੇ ਇਹ ਗੱਲਾਂ ਕਰਦੇ ਉਠ ਖੜ੍ਹੇ ਹੋਏ ਤੇ ਤੇਜ਼ ਕਦਮੀਂ ਅੱਗੇ ਵਧਣ ਲੱਗੇ। ਸ਼ਹਿਰ ਪਹੁੰਚ ਕੇ ਇਕ ਸਰਾਂ ਲੱਭੀ ਤੇ ਓਥੇ ਈ ਰੁਕ ਗਏ। ਕੁਝ ਦੇਰ ਅਰਾਮ ਕਰਕੇ ਇਹ ਵਿਚਾਰ ਕਰਨ ਲੱਗੇ ਕਿ ਆਪਣੇ 'ਚੋਂ ਇਕ ਜਣਾ ਭੋਜਨ ਲੈ ਕੇ ਆਵੇਗਾ ਤੇ ਦੋ ਜਣੇ ਮੋਹਰਾਂ ਦੀ ਰੱਖਿਆ ਲਈ ਇਥੇ ਰਹਿਣਗੇ। ਵਿਚੋਂ ਦੀ ਇਕਮਿੱਤਰ ਨੇ ਕਿਹਾ, "ਪਰ ਆਪਾਂ ਤਾਂ ਇਕੱਠਿਆਂ ਨੇ ਜਾਣਾ ਸੀ ਹਰ ਜਗ੍ਹਾ 'ਤੇ,ਇਕੱਠਿਆਂ ਨੇ ਭੋਜਨ ਕਰਨਾ ਸੀ, ਗੁਰੂ ਜੀ ਨੇ ਇਹੀ ਸਿੱਖਿਆ ਦਿੱਤੀ ਸੀ, ਹੁਣ ਇਕ ਜਣਾ ਹਨੇਰੇ ਵਿਚ ਇਕੱਲਾ ਜਾਵੇਗਾ, ਓਪਰਾ ਸ਼ਹਿਰ ਏ, ਪਤਾ ਈ ਨਾ ਲੱਗੇ ਜਾਂ ਗਵਾਚ ਈ ਜਾਵੇ ਖ਼ਤਰਾ ਤਾਂ ਹੈਗਾ ਏ ਨਾ ?"

ਦੂਜੇ ਦੋਵੇਂ ਕਹਿਣ ਲੱਗੇ, "ਇਉਂ ਤਾਂ ਦੋ ਜਣੇ ਵੀ ਭੋਜਨ ਲੈਣ ਜਾ ਸਕਦੇ ਹਨ ਪਰ ਪਿੱਛੋਂ ਮੋਹਰਾਂ ਦੀ ਰਾਖੀ ਇਕੱਲਾ ਬੰਦਾ ਕਿਵੇਂ ਕਰ ਸਕਦਾ! ਕੱਲ੍ਹੇ ਕਾਰੇ ਨੂੰ ਵੇਖ ਕੇ ਤਾਂ ਕੋਈ ਵੀ ਨੁਕਸਾਨ ਕਰ ਸਕਦਾ।"

ਇਹ ਵਿਚਾਰਾਂ ਕਰਦਿਆਂ ਅਖ਼ੀਰ ਨੂੰ ਇਹੀ ਫੈਸਲਾ ਹੋਇਆ ਕਿ ਇਕ ਜਣਾ ਹੀ ਭੋਜਨ ਲੈਣ ਜਾਵੇਗਾ। ਜਿਉਂ ਹੀ ਇਕ ਜਣਾ ਭੋਜਨ ਲੈਣ ਚਲਾ ਗਿਆ। ਪਿੱਛੋਂ ਦੋਹਾਂ ਜਣਿਆਂ ਦਾ ਧਿਆਨ ਮੋਹਰਾਂ ਵਾਲੀ ਥੈਲੀ ਵੱਲ ਜਾ ਰਿਹਾ ਸੀ।ਫਿਰ ਦੋਹਾਂ ਨੇ ਰਾਇ ਕਰਕੇ ਮੋਹਰਾਂ ਗਿਣਨੀਆਂ ਸ਼ੁਰੂ ਕੀਤੀਆਂ। ਮੋਹਰਾਂ ਗਿਣਕੇ ਇਕ ਨੇ ਥੋੜ੍ਹਾ ਜਿਹਾ ਝਿਜਕਦਿਆਂ ਕਿਹਾ, "ਯਾਰ ਕਿੰਨ੍ਹਾ ਚੰਗਾ ਹੁੰਦਾ ਜੇ ਇਹਨਾਂ ਦੇ ਦੋ ਹਿੱਸੇ ਹੀ ਹੁੰਦੇ।" ਦੂਜੇ ਦੇ ਅੰਦਰ ਪਹਿਲਾਂ ਹੀ ਜਿਵੇਂ ਇਹ ਵਿਚਾਰ ਚੱਲ ਰਿਹਾ ਹੋਵੇ, ਫਟਾਫਟ ਕਹਿਣ ਲੱਗਾ, "ਹਾਂ ਯਾਰ, ਕਾਸ਼! ਆਪਾਂ ਦੋਵੇਂ ਹੀਵਪਾਰ ਕਰਨ

ਨਿਕਲੇ ਹੁੰਦੇ!" ਫਿਰ ਦੋਹਾਂ ਨੇ ਰਾਇ ਕਰਕੇ ਕੁਝ ਮੋਹਰਾਂ ਪਾਸੇ ਕੱਢ ਕੇ ਰੱਖ ਲਈਆਂ।

ਜਿਹੜਾ ਮਿੱਤਰ ਭੋਜਨ ਲੈਣ ਜਾ ਰਿਹਾ ਸੀ, ਉਹ ਵੀ ਜਾਂਦਾ-ਜਾਂਦਾ ਸੋਚਣ ਲੱਗ ਪਿਆ, "ਥੈਲੀ ਉੱਤੇ ਸਭ ਤੋਂ ਪਹਿਲਾਂ ਨਜ਼ਰ ਮੇਰੀ ਹੀ ਪਈ ਸੀ। ਜੇ ਕਿਤੇ ਮੈਂ ਇਕੱਲਾ ਹੁੰਦਾ ਤਾਂ ਸਾਰੀਆਂ ਮੋਹਰਾਂ ਦਾ ਮਾਲਕ ਮੈਂ ਹੀ ਹੋਣਾ ਸੀ।ਇਹ ਸੋਚਦਾ-ਸੋਚਦਾ ਉਹ ਭੋਜਨ ਲੈ ਕੇ ਮੁੜ ਆਇਆ। ਤਿੰਨਾਂ ਨੇ ਭੋਜਨ ਖਾਧਾਤੇ ਆਪੋ ਆਪਣੀਆਂ ਸੋਚਾਂ ਵਿਚ ਤਾਣੇ ਬਾਣੇ ਬੁਣਦੇ ਸੌਂ ਗਏ।

ਅਗਲੇ ਦਿਨ ਉਠ ਕੇ ਅਗਲੇ ਸਫ਼ਰ 'ਤੇ ਜਾਣ ਦੀ ਤਿਆਰੀ ਕਰਨ ਲੱਗੇ।ਦੋ ਜਣੇ ਜਿਨ੍ਹਾਂ ਨੇ ਥੈਲੀ ਵਿਚੋਂ ਕੁਝ ਮੋਹਰਾਂ ਕੱਢ ਕੇ ਪਾਸੇ ਰੱਖੀਆਂ ਸਨ। ਉਹ ਤੀਸਰੇ ਮਿੱਤਰ ਤੋਂ ਕੁਝ-ਕੁਝ ਲੁਕੋ ਰੱਖ ਕੇ ਗੱਲਾਂ ਕਰਨ ਲੱਗੇ। ਤੀਸਰੇ ਮਿੱਤਰ ਦੇ ਮਨ ਵਿਚ ਵੀ ਕੁੜੱਤਣ ਜਿਹੀ ਭਰਨ ਲੱਗੀ। ਉਹ ਮੁੜ-ਮੁੜ ਮੋਹਰਾਂ ਦੀ ਥੈਲੀਉੱਤੇ ਨਜ਼ਰ ਟਿਕਾਉਂਦਾ ਨਾਲ-ਨਾਲ ਤੁਰਿਆ ਜਾ ਰਿਹਾ ਸੀ।ਹੁਣ ਉਹ ਤਿੰਨ ਮਿੱਤਰ ਪਹਿਲਾਂ ਵਾਂਗ ਇਕ ਸੁਰ ਨਹੀਂ ਲੱਗ ਰਹੇ ਸਨ। ਤਿੰਨੇ ਆਪੋ ਆਪਣੇ ਖ਼ਿਆਲਾਂ ਨੂੰ ਬਣਾਉਂਦੇ, ਢਾਹੁੰਦੇ ਫਿਰ ਬਣਾਉਂਦੇ ਤੁਰੇ ਜਾ ਰਹੇ ਸਨ। ਸਾਰੇ ਦਿਨ ਦੀ ਥਕਾਨ ਤੋਂ ਬਾਅਦ ਅਗਲੇ ਸ਼ਹਿਰ ਦੀ ਸਰਾਂ ਵਿਚ ਜਾ ਠਿਕਾਣਾ ਕੀਤਾ।

ਇਸ ਰਾਤ ਤੱਕ ਭੋਜਣ ਲਿਆਉਣ ਵਾਲਾ ਮਿੱਤਰ ਵੀ ਬਹੁਤ ਕੁਝ ਸੋਚ ਚੁੱਕਿਆ ਸੀ। ਦੂਜੇ ਦੋਵੇਂ ਮਿੱਤਰ ਜਿਨ੍ਹਾਂ ਨੇ ਮੋਹਰਾਂ ਲੁਕੋਈਆਂ ਸਨ ਉਹਨਾਂ ਦੀ ਚਾਲ ਢਾਲ ਵਿਚ ਅਜ਼ੀਬ ਤਬਦੀਲੀ ਦੇਖ ਚੁੱਕਿਆ ਸੀ। ਉਹ ਦੋਵੇਂ ਅੱਜ ਫੇਰ ਉਸੇ ਮਿੱਤਰ ਨੂੰ ਭੋਜਨ ਲਿਆਉਣ ਲਈ ਭੇਜਣਾ ਚਾਹੁੰਦੇ ਸਨ ਪਰ ਉਹ ਆਖਰਿਹਾ ਸੀ, "ਅੱਜ ਮੈਂ ਇਕੱਲਾ ਮੋਹਰਾਂ ਦੀ ਰਾਖੀ ਕਰਾਂਗਾ, ਤੁਸੀਂ ਦੋਵੇਂ ਜਣੇ ਭੋਜਣ ਲੈ ਕੇ ਆਉ।" ਕਾਫ਼ੀ ਸਮਾਂ ਜਿਦ ਜਿਦਾਈ ਤੋਂ ਬਾਅਦ ਇਹੀ ਫ਼ੈਸਲਾ ਹੋਇਆ ਕਿ ਉਹੀ ਮਿੱਤਰ ਭੋਜਣ ਲੈਣ ਜਾਵੇਗਾ।

ਜਦੋਂ ਉਹ ਭੋਜਨ ਲੈਣ ਚਲਾ ਗਿਆ ਤਾਂ ਦੋਵੇਂ ਮਿੱਤਰ ਉਸਨੂੰ ਆਪਣੇ ਰਸਤੇ ਤੋਂ ਹੀ ਪਾਸੇ ਕਰਨ ਦੀ ਵਿਉਂਤ ਲਾਉਣ ਲੱਗੇ। ਵਿਉਂਤ ਇਹ ਲਾਈ ਕਿ ਜਿਉਂ ਹੀ ਉਹ ਭੋਜਨ ਲੈ ਕੇ ਆਵੇਗਾ। ਉਸ ਵੇਲੇ ਉਹਦਾ ਗਲਾ ਦਬਾ ਦੇਵਾਂਗੇ ਤੇ ਰਾਤੋ ਰਾਤ ਕਿਸੇ ਖੂਹ ਵਿਚ ਸੁੱਟ ਆਵਾਂਗੇ। ਬਿਲਕੁਲ ਖੁਰਾ ਖੋਜ ਮਿਟਾ ਕੇ ਇਹ ਮੋਹਰਾਂ ਦੋ ਹਿੱਸਿਆਂ ਵਿਚ ਹੀ ਵੰਡਾਂਗੇ, ਜੇ ਅੱਜ ਇਹ ਕੰਮ ਨਾ ਕੀਤਾ ਤਾਂ ਕੱਲ੍ਹ ਤਕ ਉਹਨੇ ਆਵਦਾ ਹਿੱਸਾ ਵੰਡਾ ਲੈਣਾ।

ਦੂਜੇ ਪਾਸੇ ਭੋਜਨ ਲੈਣ ਗਿਆ ਮਿੱਤਰ ਇਹ ਸੋਚ ਰਿਹਾ ਸੀ, "ਉਹ ਦੋਵੇਂ ਕੋਈ ਲੁਕੋ ਰੱਖ ਰਹੇ ਹਨ। ਮੈਂ ਹੀ ਸਭ ਤੋਂ ਪਹਿਲਾਂ ਮੋਹਰਾਂ ਦੀ ਥੈਲੀ ਵੇਖੀ ਤੇ ਮੈਨੂੰ ਹੀ ਹੁਣ ਚੱਜ ਨਾਲ ਵੇਖਣ ਨਹੀਂ ਦੇ ਰਹੇ, ਉਹਨਾਂ ਦੀ ਤਾਂ ਬੋਲਚਾਲ ਬਦਲੀ ਪਈ ਏ।" ਕਾਫ਼ੀ ਸਮੇਂ ਇਹ ਸੋਚਾਂ ਸੋਚਦਾ ਉਹ ਖਾਣਾ ਖਾਣ ਲੱਗ ਪਿਆ।

ਜਿਹੜਾ ਖਾਣਾ ਉਹਨੇ ਲੈ ਕੇ ਜਾਣਾ ਸੀ ਉਹਦੇ ਵਿਚ ਉਹਨੇ ਜ਼ਹਿਰ ਰਲਾਉਣ ਬਾਰੇ ਸੋਚ ਲਿਆ ਤੇ ਇਉਂ ਹੀ ਕੀਤੀ। ਜਦੋਂ ਉਹ ਭੋਜਨ ਲੈ ਕੇ ਸਰਾਂ ਵਿਚ ਪਹੁੰਚਿਆ ਤਾਂ ਦੋਹਾਂ ਮਿੱਤਰਾਂ ਨੇ ਤੁਰੰਤ ਆਪਣੀ ਕਾਰਵਾਈ ਕੀਤੀ।ਉਹਦਾ ਗਲਾ ਦਬਾ ਕੇ ਮੌਕੇ 'ਤੇ ਹੀ ਚਿਤ ਕਰ ਦਿੱਤਾ ਤੇ ਸੋਚਣ ਲੱਗੇ ਭੋਜਨ ਛਕ ਲਈਏ ਫਿਰ ਅੱਧੀ ਕੁ ਰਾਤ ਨੂੰ ਕਿਸੇ ਖੂਹ ਵਿਚ ਸੁੱਟ ਆਵਾਂਗੇ। ਜਿਉਂਹੀ ਉਹਨਾਂ ਦੋਹਾਂ ਨੇ ਭੋਜਨ ਛਕਿਆ।ਤਿਉਂ ਹੀ ਤੜਫਣ ਲੱਗ ਪਏ। ਤੜਫ਼ਦਿਆਂ ਨੇ ਮੋਹਰਾਂ ਦੀ ਥੈਲੀ ਵੱਲ ਹੱਥ ਵਧਾਏ ਤਾਂ ਥੈਲੀ ਹੱਸਣ ਲੱਗ ਪਈ |

ਕੁਝ ਹੀ ਪਲਾਂ ਵਿਚ ਦੋਹਾਂ ਨੇ ਪ੍ਰਾਣ ਤਿਆਗ ਦਿਤੇ। ਤਿੰਨਾਂ ਲਾਸ਼ਾਂ ਦੇ ਸਿਰਾਹਣੇ ਪਈ ਜ਼ਹਿਰ ਦੀ ਥੈਲੀ ਹੱਸ ਰਹੀ ਸੀ।

ਗੂੜ੍ਹੇ ਸਾਕ ਤੋੜੇ ਭੈੜੇ ਵੈਰ ਪਾਵੇ,
ਏਸ ਮਾਇਆ ਦੇ ਗਿਰਗਿਟੀ ਰੰਗ ਵੇਖੇ।
ਸਕੇ ਭਾਈਆਂ' ਦੇ ਦਿਲਾਂ ਵਿਚ ਖੋਟ ਪਾਵੇ,
ਬੜੇ ਜ਼ਹਿਰੀ ਮੈਂ ਏਸ ਦੇ ਡੰਗ ਵੇਖੇ।

ਇਹਦੇ ਜਾਲ 'ਚੋਂ ਨਿਕਲਣਾ ਬੜਾ ਔਖਾ,
ਇਹਦੀ ਸੂਲੀ ਦੇ ਨਵੇਂ ਹੀ ਢੰਗ ਵੇਖੇ।
ਜਿਨ੍ਹਾਂ ਕੋਲ ਥੋੜ੍ਹੀ ਉਹ ਵੀ ਰੋਂਵਦੇ ਨੇ,
ਜਿਨ੍ਹਾਂ ਕੋਲ ਬਹੁਤੀ ਉਹ ਵੀ ਤੰਗ ਵੇਖੇ।
ਸੈਫ਼ੀ ਸੱਚ ਤੇ ਸਬਰ ਹੈ ਅਸਲ ਦੌਲਤ
ਪੂੰਜੀ-ਪਿਆਰ ਬਾਝੋਂ ਸਭ ਨੰਗ ਵੇਖੇ।

# ਬਾਗਾਂ ਦਾ ਵਾਰਿਸ

ਇਕ ਕਿਸਾਨ ਦੇ ਚਾਰ ਪੁੱਤਰ ਸਨ। ਜਦੋਂ ਉਹ ਬਿਰਧ ਹੋ ਗਿਆ ਤਾਂ ਸੋਚਣ ਲੱਗਾ, "ਪਤਾ ਨਈ ਕਿਹੜੇ ਵੇਲੇ ਸਵਾਸਾਂ ਨੇ ਸਾਥ ਛੱਡ ਦੇਣਾ, ਜ਼ਮੀਨ ਪਹਿਲਾਂ ਹੀ ਪੁੱਤਰਾਂ ਵਿਚ ਬਰਾਬਰ ਵੰਡ ਦੇਵਾਂ, ਬਾਅਦ ਵਿਚ ਕਿਤੇ ਲੜਾਈ-ਝਗੜੇ ਦੀ ਥਾਂ ਨਾ ਬਣੇ।"

ਇਸ ਕਿਸਾਨ ਨੇ ਆਪਣੇ ਪਿੰਡ ਤੋਂ ਕਾਫ਼ੀ ਦੂਰ ਕੁਝ ਹੋਰ ਜ਼ਮੀਨ ਵੀ ਲੈ ਰੱਖੀ ਸੀ, ਜੀਹਦੇ ਬਾਰੇ ਉਹਦੇ ਪੁੱਤਰਾਂ ਨੂੰ ਬਿਲਕੁਲ ਵੀ ਪਤਾ ਨਹੀਂ ਸੀ। ਉਹ ਜ਼ਮੀਨ ਬੇਹੱਦ ਉਪਜਾਊ ਸੀ। ਉਸ ਵਿਚ ਕੀਮਤੀ ਫ਼ਲਾਂ ਦੇ ਦਰੱਖਤ ਲੱਗੇ ਸਨ।ਪਿੰਡ ਵਾਲੀ ਜ਼ਮੀਨ ਦੀ ਵੰਡ ਬਾਰੇ ਸੋਚਦਾ-ਸੋਚਦਾ ਕਿਸਾਨ ਵੱਡੀ ਦੁਬਿਧਾ ਵਿਚ ਫਸ ਗਿਆ। ਅਸਲ ਵਿਚ ਇਹ ਜ਼ਮੀਨ ਉਹ ਸਾਰੇ ਪੁੱਤਰਾਂ ਵਿਚ ਨਹੀਂ ਵੰਡਣੀ ਚਾਹੁੰਦਾ ਸੀ। ਉਸ ਦੀ ਇੱਛਾ ਸੀ ਕਿ ਜਿਹੜਾ ਪੁੱਤਰ ਸਭ ਤੋਂ ਵੱਧ ਸਮਝ ਵਾਲਾ ਹੈ, ਉਹਨੂੰ ਉਹ ਜ਼ਮੀਨ, ਤੋਹਫ਼ੇ ਵਜੋਂ ਦਿੱਤੀ ਜਾਵੇ। ਕਿਸਾਨ ਇਹ ਵੀ ਜਾਣਦਾ ਸੀ ਕਿ ਉਸ ਜ਼ਮੀਨ ਦਾ ਤੋਹਫ਼ਾ ਲੈਣ ਦੇ ਕਾਬਲ ਉਹਦਾ ਛੋਟਾ ਪੁੱਤਰ ਹੈ, ਜੀਹਨੇ ਕੁਝ ਸਾਲਾਂ ਵਿਚ ਹੀ ਆਪਣੀ ਮਿਹਨਤ ਤੇ ਸੋਝੀ ਦਾ ਰੰਗ ਪੂਰੇ

ਇਲਾਕੇ ਨੂੰ ਵਿਖਾ ਦਿੱਤਾ ਸੀ। ਇਹ ਸਭ ਪਤਾ ਹੋਣ ਦੇ ਬਾਵਜ਼ੂਦ ਵੀ ਉਹ ਚਾਰਾਂ ਪੁੱਤਰਾਂਨੂੰ ਬਰਾਬਰ ਦਾ ਮੌਕਾ ਦੇਣਾ ਚਾਹੁੰਦਾ ਸੀ।

ਇਕ ਦਿਨ ਉਸ ਕਿਸਾਨ ਨੇ ਕੀਮਤੀ ਫੁੱਲਾਂ ਦੇ ਬੀਜ ਲਿਆਂਦੇ। ਆਪਣੇ ਚਾਰਾਂ ਪੁੱਤਰਾਂ ਨੂੰ ਬਰਾਬਰ ਵੰਡ ਕੇ ਆਖਣ ਲੱਗਾ, ਇਹ ਬੀਜ ਮੈਂ ਤੁਹਾਥੋਂ ਕੁਝ ਮਹੀਨਿਆਂ ਬਾਅਦ ਵਾਪਸ ਲਵਾਂਗਾ, ਇਹਨਾਂ ਨੂੰ ਪੂਰੀ ਤਰ੍ਹਾਂ ਸੰਭਾਲ ਕੇ ਰੱਖਿਓ ਜੀਹਨੇ ਇਹ ਬੀਜ ਸਭ ਤੋਂ ਵਧੀਆ ਢੰਗ ਨਾਲ ਸੰਭਾਲਕੇ ਰੱਖੇ ਉਹਨੂੰ ਇਕ ਸ਼ਾਨਦਾਰ ਤੋਹਫ਼ਾ ਦੇਵਾਂਗਾ।

ਪਹਿਲਾ ਪੁੱਤਰ ਬੀਜ ਲੈ ਕੇ ਤੁਰੰਤ ਘਰੇ ਆਇਆ। ਆਪਣਾ ਕੱਪੜਿਆਂ ਵਾਲਾ ਸੰਦੂਕ ਵਿਹਲਾ ਕੀਤਾ, ਉਸ ਵਿਚ ਬੀਜ ਰੱਖ ਕੇ, ਜੰਦਰਾ ਲਾ ਕੇ ਢਕ ਸੰਵਾਰ ਕੇ ਪਾਸੇ ਰੱਖ ਦਿੱਤਾ।

ਦੂਜਾ ਪੁੱਤਰ ਤੁਰੰਤ ਇਕ ਕਾਰੀਗਰ ਕੋਲ ਗਿਆ। ਜਾਲੀਦਾਰ ਡੱਬਾ ਬਣਾ ਲਿਆਂਦਾ। ਉਸ ਡੱਬੇ ਵਿਚ ਬੀਜ ਸਾਂਭ ਦਿੱਤੇ |

ਤੀਜੇ ਪੁੱਤਰ ਨੇ ਤੁਰੰਤ ਇਹ ਪਤਾ ਕੀਤਾ ਕਿ ਪਿਤਾ ਜੀ ਇਹ ਬੀਜ ਕਿੱਥੋਂ ਲਿਆਏ ਹਨ। ਉਹ ਓਸੇ ਮਾਲੀ ਕੋਲ ਗਿਆ ਤੇ ਉਹਨੂੰ ਬੀਜ ਫੜਾ ਕੇ ਆਖ ਆਇਆ ਕਿ ਹੁਣ ਇਹ ਬੀਜ ਵਾਪਸ ਲੈ ਲੈ! ਇਹਨਾਂ ਦੀ ਬਣਦੀ ਕੀਮਤ ਦੇ ਦੇ। ਜਦੋਂ ਮੈਨੂੰ ਲੋੜ ਪਈ ਤੈਥੋਂ ਦੁਬਾਰਾ ਲੈ ਜਾਵਾਂਗਾ।

ਚੌਥਾ ਪੁੱਤਰ ਬੀਜ ਲੈ ਕੇ ਖੇਤ ਚਲਾ ਗਿਆ। ਖਾਦ-ਪਾਣੀ ਪਾ ਕੇ ਕੁਝ ਹਿੱਸਾ ਜ਼ਮੀਨ ਤਿਆਰ ਕੀਤੀ ਤੇ ਸਾਰੇ ਬੀਜ ਓਥੇ ਬੀਜ ਦਿੱਤੇ। ਕੁਝ ਮਹੀਨਿਆਂ ਬਾਅਦ ਕਿਸਾਨ ਨੇ ਚਾਰਾਂ ਪੁੱਤਰਾਂ ਨੂੰ ਬੁਲਾ ਕੇ ਬੀਜ ਵਾਪਸ ਮੰਗੇ।

ਪਹਿਲੇ ਪੁੱਤਰ ਨੇ ਤੁਰੰਤ ਜਾ ਕੇ ਟਰੰਕ ਖੋਲ੍ਹਿਆ ਤੇ ਬੀਜ ਕੱਢ ਕੇ ਲਿਆ ਦਿੱਤੇ। ਇਹਨਾਂ ਬੀਜਾਂ ਨੂੰ ਉੱਲੀ ਲੱਗ ਚੁੱਕੀ ਸੀ। ਦੂਜੇ ਪੁੱਤਰ ਨੇ ਜਾਲੀਦਾਰ ਡੱਬੇ ਵਿੱਚੋਂ ਬੀਜ ਕੱਢ ਕੇ ਲਿਆਂਦੇ ਤੇ ਜਿਉਂਦੀ ਤਿਉਂ ਵਾਪਸ ਕਰ ਦਿੱਤੇ।

ਤੀਜਾ ਪੁੱਤਰ ਤੁਰੰਤ ਮਾਲੀ ਕੋਲ ਗਿਆ ਤੇ ਉਹੋ ਜਿਹੇ ਬੀਜ ਖ਼ਰੀਦ ਕੇ ਲਿਆ ਦਿੱਤੇ।

ਚੌਥਾ ਪੁੱਤਰ ਕਿਸਾਨ ਨੂੰ ਖੇਤ ਵਿਚ ਲੈ ਗਿਆ ਤੇ ਫੁੱਲਾਂ ਦੇ ਬੂਟੇ ਦਿਖਾ ਕੇ ਆਖਣ ਲੱਗਾ,

"ਪਿਤਾ ਜੀ ਤੁਹਾਡੇ ਦਿੱਤੇ ਬੀਜ ਮੈਂ ਧਰਤੀ ਮਾਂ ਦੀ ਬੁੱਕਲ ਵਿਚ ਸਾਂਭ ਦਿੱਤੇ ਸਨ। ਆਹ! ਖਿੜੇ ਹੋਏ ਫੁੱਲ ਉਹਨਾਂ ਬੀਜਾਂ ਦੀ ਸੰਭਾਲ ਦੇ ਗਵਾਹ ਹਨ। ਕੁਝ ਦਿਨ ਹੋਰ ਦੇ ਦਿਉ। ਇਹਨਾਂ ਫੁੱਲਾਂ ਵਿਚ ਬੀਜ ਪੱਕ ਜਾਣਗੇ। ਮੈਂ ਤੁਹਾਨੂੰ ਬਿਲਕੁਲ ਉਹੋ ਜਿਹੇ ਬੀਜ ਵਾਪਸ ਕਰ ਦਿਆਂਗਾ।"

ਕਿਸਾਨ ਉਸੇ ਖੇਤ ਵਿਚ ਬੈਠ ਗਿਆ ਤੇ ਆਪਣੇ ਪਹਿਲੇ ਤਿੰਨਾਂ ਪੁੱਤਰਾਂ ਨੂੰ ਓਥੇ ਆਉਣ ਦਾ ਸੁਨੇਹਾ ਭੇਜਿਆ। ਜਦੋਂ ਚਾਰੇ ਪੁੱਤਰ ਇਕੱਠੇ ਹੋ ਗਏ ਤਾਂ ਕਿਸਾਨ ਨੇ ਕਿਹਾ,

"ਦੇਖੋ ਮੇਰੇ ਬੱਚਿਓ! ਮੇਰੇ ਲਈ ਤੁਸੀਂ ਸਾਰੇ ਬਰਾਬਰ ਹੋ ਪਰ ਤੁਹਾਡੀ ਸਮਝ ਤੇ ਸਿਆਣਪ ਵੱਖ-ਵੱਖ ਹੈ।ਇਸੇ ਗੱਲ ਦੀ ਪਰਖ਼ ਲਈ ਮੈਂ ਤੁਹਾਨੂੰ ਇਸ ਪਰੀਖਿਆ ਵਿਚ ਪਾਇਆ ਸੀ। ਮੇਰੇ ਬੱਚਿਓ! ਜੇਕਰ ਤੁਸੀਂ ਸਾਰੇ ਛੋਟੇ ਪੁੱਤਰ ਜਿੰਨੀ ਸਮਝ ਦਿਖਾਉਂਦੇ ਤਾਂ ਤੁਸੀਂ ਹਜ਼ਾਰਾਂ ਗੁਣਾਂ ਬੀਜ ਬਣਾ ਸਕਦੇ ਸੀ। ਮੈਂ ਤੁਹਾਨੂੰ ਚਾਰਾਂ ਨੂੰ ਜ਼ਮੀਨ ਵੰਡ ਕੇ ਦੇਣੀ ਹੈ ਉਹਦੀ ਸੰਭਾਲ ਕਰਨ ਲਈ ਲੱਗਿਆ, ਉਹਦੇ ਵਿਚ ਫ਼ਸਲ ਬੀਜਣ ਲੱਗਿਆਂ ਵਾਧਾ ਵਧਾਉਣ ਵਾਲੀ ਸਮਝ ਆਵਦੇ ਵਿਚ ਪੈਦਾ ਕਰਿਓ। ਬਹੁਤ ਮਿਹਨਤਾਂ ਕਰਕੇ ਇਸ ਜ਼ਮੀਨ ਦੇ ਮਾਲਕਬਣੇ ਹਾਂ। ਤੁਸੀਂ ਚਾਰਾਂ ਨੇ ਪਿਉ ਦਾਦੇ ਦੀ ਮਿਹਨਤ ਨੂੰ ਹੋਰ ਫ਼ਲ ਲਾਉਣ ਦੀ ਕੋਸ਼ਿਸ਼ ਕਰਨੀ ਹੈ।

ਇਹ ਆਖ ਕੇ ਕਿਸਾਨ ਛੋਟੇ ਪੁੱਤਰ ਨੂੰ ਨਾਲ ਲੈ ਕੇ ਦੂਰ ਪਿੰਡ ਵਾਲੀ ਜ਼ਮੀਨ ਵੱਲ ਤੁਰ ਪਿਆ। ਓਥੇ ਪਹੁੰਚ ਕੇ ਛੋਟੇ ਪੁੱਤਰ ਨੂੰ ਆਖਣ ਲੱਗਾ,

"ਦੇਖ ਪੁੱਤਰ! ਔਹ ਜੋ ਸਾਹਮਣੇ ਬਾਗ ਨਜ਼ਰ ਆ ਰਿਹਾ ਏ ਨਾ! ਇਹ ਤੇਰੀ ਸਿਆਣਪ ਨੂੰ ਤੋਹਫ਼ਾ ਦੇਣ ਲੱਗਾਂ। ਇਸ ਬਾਗ਼ ਨੂੰ ਸਿਰਫ਼ ਤੇਰੀ ਸੋਝੀ

ਸੰਭਾਲ ਸਕਦੀ ਹੈ। ਦੂਜੀ ਜ਼ਮੀਨ ਵਾਂਗ ਇਹ ਬਾਗ਼ ਵਾਲੀ ਜ਼ਮੀਨ ਵੀ ਤੁਹਾਡੇ ਚਾਰਾਂ ਵਿਚ ਵੰਡੀ ਜਾ ਸਕਦੀ ਸੀ, ਪਰ ਪੁੱਤਰ! ਜਿਵੇਂ ਵੱਡੇ ਨੇ ਬੀਜ ਲਿਜਾ ਕੇ ਸੰਦੂਕ ਵਿਚ ਜੰਦਰਾ ਲਾ ਕੇ ਰੱਖ ਦਿੱਤੇ ਸਨ, ਉਹ ਇਸ ਬਾਗ਼ ਦੁਆਲੇ ਕੰਧ ਹੀ ਕਰਵਾ ਸਕਦਾ ਹੈ ਵੱਧ ਤੋਂ ਵੱਧ, ਹੋਰ ਓਹਤੋਂ ਕੋਈ ਆਸ ਨਹੀਂ ਰੱਖੀ ਜਾ ਸਕਦੀ। ਓਸਤੋਂ ਛੋਟੇ ਨੇ ਜ਼ਰਾ ਸਿਆਣਪ ਕੀਤੀ ਬੀਜ ਜਾਲੀਦਾਰ ਡੱਬੇ ਵਿਚ ਰੱਖੇ, ਉਹਨੂੰ ਜੇਕਰ ਇਹ ਬਾਗ਼ ਦੇ ਦਿੰਦਾ ਤਾਂ ਉਹਨੇ ਇਹਦੀ ਸੰਭਾਲ ਤਾਂ ਕਰ ਲੈਣੀ ਸੀ ਪਰ ਕੋਈ ਵਾਧਾ ਨਹੀਂ ਵਧਾਉਣਾ ਸੀ। ਤੀਜੇ ਨੇ ਜਿਵੇਂ ਬੀਜ ਮਾਲੀਨੂੰ ਹੀ ਮੋੜ ਦਿੱਤੇ ਸਨ ਤੇ ਮੇਰੇ ਮੰਗਣ 'ਤੇ ਦੁਬਾਰਾ ਖ਼ਰੀਦ ਕੇ ਲਿਆਂਦੇ ਸਨ, ਉਸ ਤੋਂ ਕੀ ਆਸ ਰੱਖੀ ਜਾ ਸਕਦੀ ਸੀ! ਉਹਨੇ ਤਾਂ ਇਹ ਬਾਗ਼ ਸੰਭਾਲਣ ਦੀ ਬਜਾਏ ਵੇਚ ਹੀ ਦੇਣਾ ਸੀ।" ਇਹ ਗੱਲਾਂ ਕਰਕੇ ਕਿਸਾਨ ਕੁਝ ਦੇਰ ਚੁੱਪ ਹੋ ਗਿਆ। ਫੇਰ ਬਹੁਤ ਹੀ ਮਾਣ ਤੇ ਪਿਆਰ ਨਾਲ ਉਹਦੇ ਮੋਢੇ 'ਤੇ ਹੱਥ ਰੱਖ ਕੇ ਕਹਿਣ ਲੱਗਾ।

"ਪੁੱਤਰ! ਸੰਭਾਲ ਇਹ ਜ਼ਮੀਨ ਤੇ ਇਹਦੇ ਉਪਰ ਚਹਿ-ਚਹਿ ਕਰਦਾ ਇਹ ਸੁੰਦਰ ਬਾਗ਼।ਤੇਰੀ ਸੂਝ ਤੇਰੀ ਸਿਆਣਪ ਅਜਿਹੇ ਹਜ਼ਾਰਾਂ ਬਾਗ਼ ਲਵਾਵੇ, ਹਰ ਪਾਸੇ ਹਰਿਆਲੀ ਕਰ ਦੇਵੇ। ਹਰ ਪਾਸੇ ਮਿੱਠੇ-ਮਿੱਠੇ ਫ਼ਲ ਲੱਗੇ ਨਜ਼ਰ ਆਉਣ ਇਹੋ ਮੇਰੀ ਦੁਆ ਹੈ ਪੁੱਤਰ!" ਇਹ ਕਹਿੰਦਿਆਂ ਉਹਨੇ ਪੁੱਤਰ ਨੂੰ ਗਲ ਨਾਲਲਾ ਲਿਆ।

# ਆਕੜ ਤੇ ਹੰਕਾਰ ਅਕਲ ਦਿੰਦੇ ਮਾਰ

ਇਕ ਇਲਾਕੇ ਦਾ ਜ਼ੈਲਦਾਰ ਬਹੁਤ ਹੀ ਹੰਕਾਰੀ ਅਤੇ ਆਕੜ ਵਾਲਾ ਸੀ।ਉਸਨੇ ਆਪਣੇ ਇਲਾਕੇ ਵਿਚ ਐਲਾਨ ਕਰਵਾ ਦਿੱਤਾ ਸੀ ਕਿ ਕੋਈ ਵੀ ਵਿਅਕਤੀ ਮੇਰੇ ਵਾਂਗ ਆਪਣੇ ਸਿਰ ਉਪਰ ਪਗੜੀ ਉਪਰ ਛਮਲਾ ਨਹੀਂ ਸਜਾਵੇਗਾ ਅਤੇ ਨਾ ਹੀ ਮੁੱਛਾਂ ਖੜੀਆਂ ਕਰੇਗਾ, ਜੇ ਕੋਈ ਇਹ ਗ਼ਲਤੀ ਕਰੇਗਾ ਤਾਂ ਉਸਨੂੰ ਬਖ਼ਸ਼ਿਆ ਨਹੀਂ ਜਾਵੇਗਾ। ਸਾਰੇ ਇਲਾਕੇ ਦੇ ਨੌਜਵਾਨ ਉਸਦੇ ਇਸ ਹੁਕਮ ਤੋਂ ਬਹੁਤ ਦੁਖੀ ਸਨ। ਕੁਝ ਸਮੇਂ ਬਾਅਦ ਉਥੇ ਇਕ ਬਾਜ਼ੀਗਰ ਆਣ ਕੇ ਰਹਿਣ ਲੱਗ ਪਿਆ। ਉਸਨੂੰ ਆਪਣੀ ਪਗੜੀ ਉਪਰ ਛਮਲਾ ਸਜਾਉਣ ਦੀ ਆਦਤ ਸੀ, ਉਹ ਮੁੱਛਾਂ ਵੀ ਕੁੰਢੀਆਂ ਕਰਕੇ ਰੱਖਦਾ ਸੀ। ਇਕ ਦਿਨ ਉਹ ਆਪਣੇ ਸਿਰ ਉਪਰ ਛਮਲੇ ਵਾਲੀ ਪਗੜੀ ਸਜਾ ਕੇ ਮੁੱਛਾਂ ਕੁੰਡੀਆਂ ਕਰਕੇ ਜ਼ੈਲਦਾਰ ਦੀ ਹਵੇਲੀ ਅੱਗੋਂ ਦੀ ਲੰਘ ਰਿਹਾ ਸੀ। ਜ਼ੈਲਦਾਰ ਨੇ ਜਿਉਂ ਹੀ ਉਸਨੂੰ ਵੇਖਿਆ ਉਸੇ ਵੇਲੇ ਹੀ ਆਪਣੇ ਨੌਕਰਾਂ ਨੂੰ ਹੁਕਮ ਦਿੱਤਾ, “ਉਸ ਬੰਦੇ ਨੂੰ ਫੜ ਕੇ ਮੇਰੇ ਕੋਲ ਲੈ ਕੇ ਆਉ।”

ਜ਼ੈਲਦਾਰ ਦੇ ਨੌਕਰਾਂ ਨੇ ਜਦੋਂ ਬਾਜ਼ੀਗਰ ਨੂੰ ਫੜ ਲਿਆਂਦਾ ਤਾਂ ਜ਼ੈਲਦਾਰ ਨੇ ਬੜੇ ਰੋਅਬ ਨਾਲ ਉਸਨੂੰ ਪੁੱਛਿਆ,

"ਤੈਨੂੰ ਮੇਰੇ ਹੁਕਮ ਦੀ ਸਮਝ ਨਹੀਂ ਆਈ? ਤੇਰੀ ਹਿੰਮਤ ਕਿਵੇਂ ਪਈ ਮੇਰੇ ਬੂਹੇ ਅੱਗੇ ਉੱਚੇ ਛਮਲੇ ਵਾਲੀ ਪਗੜੀ ਬੰਨ੍ਹ ਕੇ ਤੇ ਮੁੱਛਾਂ ਕੁੰਢੀਆਂ ਕਰਕੇ ਲੰਘਣ ਦੀ?

ਜੇ ਭਲਾ ਚਾਹੁੰਦਾ ਏਂ ਤਾਂ, ਇਕ ਮਿੰਟ ਦੇ ਅੰਦਰ ਛਮਲਾ ਨੀਵਾਂ ਕਰਲਾ ਤੇ ਮੁੱਛਾਂ ਵੀ ਹੇਠਾਂ ਕਰ ਲੈ ।

ਬਾਜ਼ੀਗਰ ਨੇ ਬੜੀ ਹੀ ਹਲੀਮੀ ਅਤੇ ਹੌਂਸਲੇ ਨਾਲ ਜ਼ੈਲਦਾਰ ਨੂੰ ਕਿਹਾ, "ਜ਼ੈਲਦਾਰ ਸਾਹਬ ਇਹ ਕੋਈ ਮਰਦਾਂ ਵਾਲੀ ਗੱਲ ਨਹੀਂ, ਮੈਨੂੰ ਇਕੱਲੇ ਨੂੰ ਵੇਖ ਕੇ ਤੁਸੀਂ ਏਨੇ ਜਾਣੇ ਮੇਰੇ 'ਤੇ ਰੋਅਬ ਪਾ ਰਹੇ ਹੋ। ਪਗੜੀ ਤੇ ਛਮਲਾ ਸਜਾਉਣਾ ਅਤੇ ਮੁੱਛਾਂ ਕੁੰਢੀਆਂ ਕਰਕੇ ਰੱਖਣੀਆਂ ਮੇਰੇ ਸ਼ੌਂਕ ਹਨ। ਇਹ ਸ਼ੌਂਕ ਮੈਂ ਏਨੀ ਜਲਦੀ ਕਿਸੇ ਦੇ ਕਹਿਣ 'ਤੇ ਛੱਡਣ ਵਾਲਾ ਨਹੀਂ, ਉਹ ਬਾਜੀਗਰ ਕੁਝਹਿੰਮਤ ਕਰਕੇ ਫਿਰ ਬੋਲਿਆ, "ਹਾਂ! ਫਿਰ ਮੈਂ ਤੁਹਾਡੀ ਗੱਲ ਮੰਨ ਸਕਦਾ ਹਾਂ ਜੇ ਤੁਸੀਂ ਮੈਨੂੰ ਆਪਣੀ ਮਰਦਾਂ ਵਾਲੀ ਜ਼ੁਅਰਤ ਵਿਖਾ ਦਿਉ।"

ਜ਼ੈਲਦਾਰ ਲੋਹਾ ਲਾਖਾ ਹੁੰਦਾ ਬੋਲਿਆ,

"ਕੀ ਵੇਖਣਾ ਚਾਹੁੰਦਾ ਏਂ ਤੂੰ? ਲੱਗਦਾ ਤੇਰੀ ਮੌਤ ਤੈਨੂੰ ਅਵਾਜ਼ਾਂ ਮਾਰ ਰਹੀ ਹੈ।"

ਬਾਜੀਗਰ ਨੇ ਫਿਰ ਬੜੇ ਜੋਸ਼ ਨਾਲ ਕਿਹਾ,

"ਜ਼ੈਲਦਾਰ ਸਾਹਬ! ਮਰਦ ਕਿਸੇ ਦਾ ਆਸਰਾ ਲੈ ਕੇ ਨਹੀਂ ਜਿਉਂਦਾ ਹੁੰਦਾ।ਜਾਇਦਾਦ ਅਤੇ ਪੈਸੇ ਦੇ ਜ਼ੋਰ ਨਾਲ ਖ਼ਰੀਦੇ ਭਾੜੇ ਦੇ ਟੱਟੂਆਂ ਅਤੇ ਚਾਟੜਿਆਂ ਦੇ ਸਹਾਰੇ ਤਾਂ ਕਿਸੇ ਨੂੰ ਵੀ ਮਾਰਿਆ ਜਾ ਸਕਦਾ ਹੈ। ਜੇ ਮੇਰੀ ਮੁੱਛ ਨੀਂਵੀਂ ਕਰਾਉਣੀ ਹੈ, ਮੇਰਾ ਛਮਲਾ ਨੀਵਾਂ ਕਰਨਾ ਹੈ ਤਾਂ ਮੇਰੇ ਨਾਲ ਮਰਦਾਵਾਂ ਮੁਕਾਬਲਾ ਕਰੋ, ਮੰਗਵਾਓ ਆਪਣੀ ਤਲਵਾਰ| ਆਪਾਂ ਮੁਕਾਬਲਾ ਕਰਾਂਗੇ।

ਆਪਣੇ ਵਿਚੋਂ ਜਿਹੜਾ ਜਿੱਤ ਗਿਆ ਉਹੀ ਮੁੱਛਾਂ ਉੱਚੀਆਂ ਕਰਨ ਦਾ ਅਤੇ ਸਿਰ ਉੱਤੇ ਛਮਲੇਵਾਲੀ ਪੱਗੜੀ ਸਜਾ ਕੇ ਰੱਖਣ ਦਾ ਅਧਿਕਾਰੀ ਹੋਵੇਗਾ।”

ਜ਼ੈਲਦਾਰ ਦਾ ਗੁੱਸਾ ਸੱਤ ਅਸਮਾਨੀ ਚੜ੍ਹ ਚੁੱਕਾ ਸੀ। ਉਸਨੇ ਆਪਣੇ ਨੌਕਰਾਂ ਨੂੰ ਤਲਵਾਰ ਲਿਆਉਣ ਦਾ ਹੁਕਮ ਦਿੱਤਾ | ਹੱਥ ਵਿਚ ਤਲਵਾਰ ਫੜ੍ਹ ਕੇ ਉਸਨੇ ਬਾਜੀਗਰ ਨੂੰ ਕਿਹਾ,

“ਚੱਲ ਤੇਰੀ ਰੀਝ ਵੀ ਪੂਰੀ ਕਰ ਦਿੰਨਾਂ ਤੈਨੂੰ ਮਰਨ ਦੀ ਬਹੁਤੀ ਕਾਹਲੀ ਲੱਗਦੀ ਹੈ।”

ਬਾਜੀਗਰ ਨੇ ਫਿਰ ਕਿਹਾ,

"ਜ਼ੈਲਦਾਰ ਸਾਹਬ, ਥੋੜ੍ਹਾ ਜਿਹਾ ਇੰਤਜ਼ਾਰ ਕਰਨਾ ਪਵੇਗਾ। ਏਥੋਂ ਚਾਰ ਕੁ ਕੋਹ ਦੂਰੀ 'ਤੇ ਮੇਰੇ ਸਹੁਰਿਆਂ ਦਾ ਪਿੰਡ ਹੈ। ਉੱਥੇ ਕੱਲ੍ਹ ਦੀ ਮੇਰੀ ਪਤਨੀ ਬੱਚਿਆਂ ਨੂੰ ਲੈ ਕੇ ਗਈ ਹੈ। ਇਕ ਤਾਂ ਮੈਂ ਤਲਵਾਰ ਲਿਆਉਣੀ ਹੈ ਤੇ ਨਾਲ ਹੀ ਮੈਂ ਸੋਚਦਾ ਹਾਂ ਕਿ ਪਤਾ ਨਹੀਂ ਤੁਹਾਡੀ ਤਲਵਾਰ ਨਾਲ ਮੇਰੀ ਜੀਵਨ-ਲੀਲ੍ਹਾ ਸਮਾਪਤ ਹੋ ਜਾਵੇ। ਉਸ ਤੋਂ ਬਾਅਦ ਮੇਰੇ ਜੀਆਂ ਨੂੰ ਰੋਟੀ ਕੌਣ ਦੇਵੇਗਾ? ਐਵੇਂ ਦਰ-ਦਰ ’ਤੇ ਠੋਕਰਾਂ ਖਾਂਦੇ ਫਿਰਨਗੇ। ਮੈਂ ਚਾਹੁੰਦਾ ਹਾਂ ਕਿ ਤੁਹਾਡੇ ਨਾਲ ਤਲਵਾਰਬਾਜੀ ਕਰਨ ਤੋਂ ਪਹਿਲਾਂ ਆਪਣੀ ਪਤਨੀ ਤੇ ਬੱਚਿਆਂ ਦਾ ਸਫ਼ਾਇਆ ਕਰ ਆਵਾਂ।"

ਫਿਰ ਉਸਨੇ ਜ਼ੈਲਦਾਰ ਨੂੰ ਸਲਾਹ ਦਿੰਦਿਆਂ ਕਿਹਾ,

“ਜ਼ੈਲਦਾਰ ਸਾਹਬ! ਮੇਰੀ ਮੰਨੋ ਤਾਂ ਤੁਸੀਂ ਵੀ ਪਹਿਲਾਂ ਆਪਣੀ ਪਤਨੀ ਅਤੇ ਬੱਚਿਆਂ ਦਾ ਕੋਈ ਪ੍ਰਬੰਧ ਕਰ ਆਓ। ਤਲਵਾਰਬਾਜੀ ਵਿਚ ਕੀ ਪਤਾ ਹੁੰਦਾ! ਕਿਸੇ ਨੂੰ ਵੀ ਜ਼ਿੰਦਗੀ ਤੋਂ ਹੱਥ ਧੋਣੇ ਪੈ ਸਕਦੇ ਹਨ। ਮੈਂ ਅੱਜ ਹੀ ਸੂਰਜ ਛਿਪਣ ਤੋਂ ਪਹਿਲਾਂ-ਪਹਿਲਾਂ ਵਾਪਸ ਆ ਕੇ ਪਿੰਡ ਦੀ ਸੱਥ ਵਿਚ ਪਹੁੰਚ ਜਾਵਾਂਗਾ। ਓਥੇ ਹੀ ਸਾਰੇ ਲੋਕਾਂ ਦੇ ਸਾਹਮਣੇ ਆਪਣੀ ਬਹਾਦਰੀ ਦਾ ਫ਼ੈਸਲਾ ਹੋਵੇਗਾ।” ਇਹ ਆਖ ਕੇ ਬਾਜੀਗਰ ਓਥੋਂ ਚਲਾ ਗਿਆ।

ਜ਼ੈਲਦਾਰ ਗੁੱਸੇ ਵਿਚ ਉਬਲਦਾ ਹੋਇਆ ਓਸੇ ਵਕਤ ਆਪਣੀ ਪਤਨੀ ਕੋਲ ਗਿਆ ਜਾਂਦਿਆਂ ਹੀ ਉਸਦਾ ਗਲ਼ ਲਾਹ ਦਿੱਤਾ। ਉਸ ਤੋਂ ਬਾਅਦ ਆਪਣੇ ਦੋਵੇਂ ਬੱਚੇ ਵੀ ਮਾਰ ਦਿੱਤੇ। ਅੱਖਾਂ ਲਾਲ ਕਰਕੇ ਪਿੰਡ ਦੀ ਸੱਥ ਵਿਚ ਆਣ ਖੜ੍ਹਾ ਹੋਇਆ।

ਏਨੇ ਚਿਰ ਨੂੰ ਇਲਾਕੇ ਦੇ ਲੋਕਾਂ ਨੂੰ ਜ਼ੈਲਦਾਰ ਅਤੇ ਬਾਜੀਗਰ ਵਿਚਕਾਰ ਹੋਣ ਜਾ ਰਹੇ ਅਨੋਖੇ ਮੁਕਾਬਲੇ ਦੀ ਭਿਣਕ ਪੈ ਗਈ।ਸੱਥ ਵਿਚ ਲੋਕਾਂ ਦਾ ਵੱਡਾ ਇਕੱਠ ਹੋ ਗਿਆ। ਦਿਨ ਛਿਪ ਰਿਹਾ ਸੀ।

ਓਧਰੋਂ ਬਾਜੀਗਰ ਗਾਣੇ ਗਾਉਂਦਾ ਖਾਲੀ ਹੱਥ ਹੀ ਤੁਰਿਆ ਆ ਰਿਹਾ ਸੀ।ਹੋਰ ਹੈਰਾਨੀ ਵਾਲੀ ਗੱਲ ਇਹ ਸੀ ਕਿ ਉਸਨੇ ਸਿਰ ਉੱਤੇ ਛਮਲੇ ਤੋਂ ਬਗ਼ੈਰ ਪਗੜੀ ਬੰਨ੍ਹੀ ਹੋਈ ਸੀ ਅਤੇ ਮੁੱਛਾਂ ਨੀਂਵੀਆਂ ਕੀਤੀਆਂ ਹੋਈਆਂ ਸਨ। ਜ਼ੈਲਦਾਰ ਉਸਨੂੰ ਵੇਖ ਕੇ ਹੈਰਾਨ ਹੋ ਗਿਆ। ਆਉਂਦਿਆਂ ਹੀ ਉਹ ਜ਼ੈਲਦਾਰ ਨੂੰ ਕਹਿਣਲੱਗਾ,

"ਜ਼ੈਲਦਾਰ ਸਾਹਬ! ਆਪਣੇ ਝਗੜੇ ਦੀ ਜੜ੍ਹ ਤਾਂ ਛਮਲਾ ਤੇ ਮੁੱਛਾਂ ਹੀ ਸਨ, ਇਹਨਾਂ ਪਿੱਛੇ ਪਹਿਲਾਂ ਪਤਨੀ ਦਾ ਕਤਲ ਕਰਨਾ ਪੈਣਾ ਸੀ, ਫਿਰ ਬੱਚੇ ਮਾਰਨੇ ਪੈਣੇ ਸੀ, ਫਿਰ ਤੁਹਾਡੇ ਨਾਲ ਲੜਨਾ ਪੈਣਾ ਸੀ।

ਮਰਦ ਲੋਕ ਤਾਂ ਕਿਸੇ ਖ਼ਾਸ ਆਦਰਸ਼ ਨੂੰ ਮੁੱਖ-ਰੱਖ ਕੇ ਲੜਦੇ ਚੰਗੇ ਲੱਗਦੇ ਹਨ ਜਾਂ ਫਿਰ ਕਿਸੇ ਗਊ ਗ਼ਰੀਬ ਦੀ ਰੱਖਿਆ ਖ਼ਾਤਰ। ਐਵੇਂ ਨਿੱਕੀਆਂ-ਨਿੱਕੀਆਂ ਗੱਲਾਂ 'ਤੇ ਤਲਵਾਰ ਨਹੀਂ ਚੁੱਕਣੀ ਚਾਹੀਦੀ।"

ਜ਼ੈਲਦਾਰ ਆਪਣੀ ਬੇਵਕੂਫ਼ੀ ਤੋਂ ਬੇਹੱਦ ਸ਼ਰਮਿੰਦਾ ਹੋ ਰਿਹਾ ਸੀ। ਉਹਨੂੰ ਧਰਤੀ ਵਿਹਲ ਨਹੀਂ ਦੇ ਰਹੀ ਸੀ। ਲੋਕਾਂ ਦੇ ਮਜ਼ਾਕ ਦਾ ਪਾਤਰ ਬਣਦਾ ਹੋਇਆ ਉਹ ਮੂੰਹ ਲਟਕਾ ਕੇ ਉਥੋਂ ਤੁਰ ਪਿਆ।

# ਜ਼ੋਰਾਵਰਾਂ ਦਾ ਸੱਤੀਂ ਵੀਹੀਂ ਸੌ

ਜੰਗਲ ਵਿਚ ਇਕ ਦਰਖ਼ਤ ਉੱਤੇ ਚਾਰ ਘੁੱਗੀਆਂ ਰਹਿੰਦੀਆਂ ਸਨ।ਇਹਨਾਂ ਚਾਰਾਂ ਘੁੱਗੀਆਂ ਨੂੰ ਇਕ ਕਾਂ ਬਹੁਤ ਤੰਗ ਕਰਿਆ ਕਰਦਾ ਸੀ। ਉਹ ਅਕਸਰ ਹੀ ਇਹਨਾਂ ਦੇ ਆਲ੍ਹਣੇ ਢਾਹ ਜਾਂਦਾ ਸੀ। ਜਦੋਂ ਘੁੱਗੀਆਂ ਨੇ ਆਂਡੇ ਦਿੱਤੇ ਤਾਂ ਕਾਂ ਉਹਨਾਂ ਦੇ ਸਾਰੇ ਆਂਡੇ ਭੰਨ ਗਿਆ।ਘੁੱਗੀਆਂ ਉਸ ਦਿਨ ਬਹੁਤ ਰੋਈਆਂ।ਉਹਨਾਂ ਦੇ ਗਵਾਂਢ ਵਿਚ ਰਹਿੰਦੀਆਂ ਚਿੜੀਆਂ ਨੇ ਕੋਲ ਆ ਕੇ ਉਹਨਾਂਦਾ ਦੁੱਖ ਵੰਡਾਇਆ ਤੇ ਕਿਹਾ,

“ਦੇਖੋ ਭੈਣੋਂ ਸਾਡੇ ਆਲ੍ਹਣੇ ਵੀ ਇਸੇ ਕਾਂ ਨੇ ਉਜਾੜ ਦਿੱਤੇ ਸਨ। ਸਾਡੇ ਆਂਡੇ ਵੀ ਪੀ ਗਿਆ ਸੀ। ਪਰ ਕੀ ਕਰੀਏ, ਕੋਈ ਹੱਲ ਵੀ ਤਾਂ ਨਹੀਂ ਲੱਭਦਾ।”ਘੁੱਗੀਆਂ ਤੇ ਚਿੜੀਆਂ ਦੇ ਅਤਿਅੰਤ ਉਦਾਸ ਚਿਹਰੇ ਵੇਖ ਕੇ ਇਕ ਕਬੂਤਰ ਉਹਨਾਂ ਪਾਸ ਆ ਕੇ ਰੁਕ ਗਿਆ। ਕਬੂਤਰ ਉਹਨਾਂ ਨੂੰ ਆਖਣ ਲੱਗਾ,

"ਤੁਸੀਂ ਬਹੁਤ ਦੁਖੀ ਲੱਗਦੀਆਂ ਹੋ, ਕੀ ਮੈਂ ਤੁਹਾਡੀ ਕੋਈ ਮਦਦ ਕਰ ਸਕਦਾ ਹਾਂ? ਇਸ ਦੁੱਖ ਨੂੰ ਦੂਰ ਕਰਨ ਵਿਚ?"

ਘੁੱਗੀਆਂ ਨੇ ਕਿਹਾ,"ਭਰਾਵਾ ਪੁੱਛ ਨਾ। ਸਾਡਾ ਦੁੱਖ ਦੂਰ ਕਰਨ ਵਾਲਾ ਏਥੇ ਕੋਈ ਨਹੀਂ ਲੱਭਦਾ।"

ਕਬੂਤਰ ਨੇ ਕਿਹਾ,

"ਕੋਈ ਗੱਲ ਨਹੀਂ, ਦੱਸੋ ਤਾਂ ਸਹੀ ਸ਼ਾਇਦ ਮੈਂ ਤੁਹਾਡੇ ਦੁੱਖ ਵਿਚ ਸ਼ਰੀਕ ਹੋ ਕੇ ਕੋਈ ਰਾਹ ਲੱਭ ਲਵਾਂ।"

ਫਿਰ ਘੁੱਗੀਆਂ ਹਉਕੇ ਭਰਦੀਆਂ ਹੋਈਆਂ ਦੱਸਣ ਲੱਗੀਆਂ,

"ਇਥੇ ਇਕ ਕਾਂ ਆਉਂਦਾ ਹੈ, ਸਾਡੇ ਆਲ੍ਹਣੇ ਢਾਹ ਜਾਂਦਾ ਹੈ, ਆਲ੍ਹਣੇ ਢਾਹ ਕੇ ਹੱਸਦਾ ਹੈ, ਚਲ ਆਲ੍ਹਣੇ ਤਾਂ ਅਸੀਂ ਦੁਬਾਰਾ ਬਣਾ ਲੈਂਦੀਆਂ ਹਾਂ ਪਰ ਹੁਣ ਤਾਂ ਉਸਨੇ ਜ਼ੁਲਮ ਦੀ ਹੱਦ ਹੀ ਕਰ ਦਿੱਤੀ ਹੈ। ਸਾਡੇ ਸਾਰੇ ਆਂਡੇ ਤੋੜ ਗਿਆ, ਸਾਨੂੰ ਸਾਡੇ ਬੱਚੇ ਵੇਖਣੇ ਵੀ ਨਸੀਬ ਨਾ ਹੋਏ।"

ਇਹ ਦੱਸਦੀਆਂ ਹੋਈਆਂ ਘੁੱਗੀਆਂ ਉੱਚੀ-ਉੱਚੀ ਰੋਣ ਲੱਗ ਪਈਆਂ।

ਕਬੂਤਰ ਨੇ ਉਹਨਾਂ ਨੂੰ ਹੌਂਸਲਾ ਦਿੰਦਿਆਂ ਕਿਹਾ,

"ਜੋ ਹੋ ਗਿਆ ਉਸਨੂੰ ਭੁੱਲ ਜਾਵੋ, ਹੌਂਸਲਾ ਕਰੋ, ਅੱਗੇ ਤੋਂ ਮੈਂ ਤੁਹਾਨੂੰ ਇਸ ਦੁੱਖ ਤੋਂ ਛੁਟਕਾਰਾ ਦਿਵਾ ਦੇਵਾਂਗਾ।"

ਇਹ ਸੁਣ ਕੇ ਘੁੱਗੀਆਂ ਨੇ ਕਿਹਾ, "ਵੀਰਾ, ਉਹ ਕਿਵੇਂ? ਉਹ ਕਾਂ ਤਾਂ ਏਨਾ ਜ਼ਾਲਮ ਹੈ, ਜਿਹੜਾ ਵੀ ਉਸ ਨਾਲ ਪੰਗਾ ਲੈਂਦਾ, ਉਸੇ ਨੂੰ ਖ਼ਤਮ ਕਰ ਦਿੰਦਾ। ਉਹਦੇ ਨਾਲ ਉਹਦੀ ਭੈੜੀ ਜੁੰਡਲੀ ਵੀ ਕਈ ਵਾਰ ਏਧਰ ਆਈ ਹੈ। ਕਈ ਵਾਰ ਉਹ ਸਾਰੇ ਇਹਨਾਂ ਵਿਚਾਰੀਆਂ ਚਿੜੀਆਂ ਦੇ ਬੋਟ ਚੁੱਕ ਕੇ ਲੈ ਗਏ।ਉਹਨਾਂ ਦੇ ਆਉਂਦਿਆਂ ਹੀ ਸਾਰੇ ਪੰਛੀ ਤ੍ਰਾਹ-ਤ੍ਰਾਹ ਕਰਨ ਲੱਗ ਪੈਂਦੇ ਹਨ।"

ਇਹ ਸੁਣ ਕੇ ਕਬੂਤਰ ਨੇ ਕਿਹਾ,

"ਇਕ ਬਾਜ ਨੇ ਮੈਨੂੰ ਆਪਣਾ ਛੋਟਾ ਭਰਾ ਮੰਨਿਆ ਹੈ। ਮੈਂ ਅੱਜ ਹੀ ਜਾਨਾਂ ਉਸ ਕੋਲ। ਤੁਸੀਂ ਦੇਖਿਓ ਉਹ ਇਸ ਕਾਲੇ ਮੂੰਹ ਵਾਲੇ ਨੂੰ ਨਾਨੀ ਚੇਤੇ ਕਰਵਾਵੇਗਾ।"

ਅਗਲੇ ਹੀ ਦਿਨ ਕਬੂਤਰ ਬਹਾਦਰ ਬਾਜ਼ ਨੂੰ ਨਾਲ ਲੈ ਕੇ ਘੁੱਗੀਆਂ ਤੇ ਚਿੜੀਆਂ ਕੋਲ ਆਇਆ। ਉਹਨਾਂ ਤੋਂ ਕਾਂ ਦੇ ਆਉਣ ਦਾ ਸਮਾਂ ਪੁੱਛਿਆ।ਜਿਹੜੇ ਵਕਤ ਕਾਂ ਦੇ ਆਉਣ ਦੀ ਸੰਭਾਵਨਾ ਸੀ, ਉਸ ਵਕਤ ਕਬੂਤਰ ਤੇ ਬਾਜ ਲੁਕ ਕੇ ਬੈਠ ਗਏ। ਜਦੋਂ ਕਾਂ ਆਇਆ, ਬਾਜ ਨੇ ਉਸਨੂੰ ਆਪਣੇ ਪੰਜੇ ਹੇਠ ਦਬੋਚਲਿਆ। ਦੂਜੇ ਪੰਜੇ ਨਾਲ ਕਾਂ ਦੇ ਮੂੰਹ 'ਤੇ ਚਪੇੜ ਮਾਰਦਿਆਂ ਕਿਹਾ,

"ਵੱਡਿਆ ਬਦਮਾਸ਼ਾ, ਹੁਣ ਗੱਲ ਕਰ, ਕੀ ਅੱਤ ਚੁੱਕੀ ਹੋਈ ਐ? ਇਹਨਾਂ ਮਾਸੂਮਾਂ ਨੂੰ ਸਤਾ ਮਾਰਿਆ। ਇਹਨਾਂ 'ਚੋਂ ਕਿਸੇ ਦਾ ਘਰ ਢਾਹ ਜਾਨੈਂ, ਕਿਸੇ ਦੇ ਆਂਡੇ ਪੀ ਜਾਨੈਂ, ਕਿਸੇ ਦੇ ਬੱਚੇ ਚੁੱਕ ਕੇ ਲੈ ਜਾਨੈਂ! ਇਹ ਕੀ ਲੱਛਣ ਫੜੈ ਐ?

ਬਾਜ ਦਾ ਰੋਅਬ ਦੇਖ ਕੇ ਕਾਂ ਡਰ ਨਾਲ ਕੰਬਣ ਲੱਗਾ। ਬਾਜ ਨੇ ਅੱਖਾਂ ਲਾਲ ਕਰਕੇ ਕਿਹਾ,

"ਓ ਪਾਪੀਆ, ਅੱਤ ਦਾ ਤੇ ਰੱਬ ਦਾ ਵੈਰ ਹੁੰਦਾ ਤੇਰੀ ਅੱਤ ਨੇ ਤੇਰੀ ਮੌਤ ਨੂੰ ਸੱਦਾ ਦੇ ਦਿੱਤਾ ਹੈ। ਮੈਂ ਹੁਣੇ ਤੇਰੀ ਗੰਦੀ ਗਰਦਨ ਮਰੋੜ ਦੇਣੀ ਹੈ।" ਕਾਂ ਮਿੰਨਤਾ ਕਰਨ ਲੱਗਾ,

"ਇਕ ਵਾਰੀ ਮੇਰੀ ਜਾਨ ਬਖ਼ਸ਼ ਦਿਉ, ਇਕ ਵਾਰੀ ਮੁਆਫ਼ੀ ਦੇ ਦਿਉ, ਜੇ ਦੁਬਾਰਾ ਗ਼ਲਤੀ ਕਰਾਂ ਜਾਂ ਕਿਤੇ ਵੀ ਮੇਰੀ ਸ਼ਿਕਾਇਤ ਮਿਲੀ ਤਾਂ ਜੋ ਮਰਜ਼ੀ ਸਜ਼ਾ ਦੇ ਦਿਆ ਜੇ।''

ਕਾਂ ਨੂੰ ਰੋਂਦਾ, ਹਾੜੇ ਕੱਢਦਾ ਵੇਖ ਕੇ ਘੁੱਗੀਆਂ ਨੂੰ ਤਰਸ ਆ ਗਿਆ।ਉਹਨਾਂ ਨੇ ਬਾਜ ਨੂੰ ਕਿਹਾ,

"ਚਲੋ ਜੇ ਇਹ ਅੱਗੇ ਤੋਂ ਸਾਨੂੰ ਤੰਗ ਨਹੀਂ ਕਰੇਗਾ ਤਾਂ ਇਸਨੂੰ ਮਾਫ਼ੀ ਦੇ ਦਿਉ।"

"ਦੇਖ ਜਿਨ੍ਹਾਂ ਨੂੰ ਤੂੰ ਦੁੱਖ ਦਿੰਦਾ ਰਿਹਾਂ ਏਂ ਉਹ ਹੀ ਤੇਰੀ ਜਾਨ ਬਖ਼ਸ਼ ਦੇਣ ਦੀ ਸਿਫ਼ਾਰਸ਼ ਕਰ ਰਹੀਆਂ। ਇਹਨਾਂ ਆਖੇ ਤੇਰੀ ਜਾਨ ਤਾਂ ਬਖ਼ਸ਼ ਦਿੰਨਾਂ ਪਰ ਤੇਰੇ ਗੁਨਾਹਾਂ ਦੀ ਸਜ਼ਾ ਜ਼ਰੂਰ ਮਿਲੇਗੀ। ਜਿਨ੍ਹਾਂ ਮਾਸੂਮਾਂ ਨੂੰ ਤੂੰ ਡਰਾਉਂਦੈਂ ਰਿਹੈਂ,ਤੰਗ ਕਰਦਾ ਰਿਹਾ, ਉਹਨਾਂ ਦਾ ਡਰ ਦੂਰ ਕਰਨਾ ਹੈ।" ਇਹ ਆਖ ਕੇ ਬਾਜ ਨੇਇਕ ਘੁੱਗੀ ਤੇ ਇਕ ਚਿੜੀ ਨੂੰ ਅਵਾਜ਼ ਮਾਰੀ ਤੇ ਕਿਹਾ, "ਦੋਵੇਂ ਜਣੀਆਂ ਕਾਂ ਉਪਰ ਸਵਾਰ ਹੋ ਜਾਵੋ।" ਤੇ ਕਾਂ ਨੂੰ ਹੁਕਮ ਦਿੱਤਾ,

"ਤੂੰ ਹੁਣ ਤਕ ਇਹਨਾਂ ਮਾਸੂਮਾਂ ਦੇ ਸਾਹ ਸੁਕਾਈ ਰੱਖੇ ਹਨ, ਹੁਣ ਤੂੰ ਇਹਨਾਂ ਦਾ ਡਰ ਦੂਰ ਕਰਨਾ ਹੈ। ਤੂੰ ਇਹਨਾਂ ਘੁੱਗੀਆਂ ਤੇ ਚਿੜੀਆਂ ਨੂੰ ਵਾਰੀ-ਵਾਰੀ ਆਪਣੇ ਉਪਰ ਬਿਠਾ ਕੇ ਸਾਰੇ ਜੰਗਲ ਦੇ ਸੌ ਚੱਕਰ ਲਗਾਉਣੇ ਹਨ। ਹਰ ਵੀਹ ਗੇੜਿਆਂ ਬਾਅਦ ਅਗਲੀ ਘੁੱਗੀ ਤੇ ਚਿੜੀ ਤੇਰੇ 'ਤੇ ਸਵਾਰ ਹੋਣਗੀਆਂ।

ਇਉਂ ਵੀਹ-ਵੀਹ ਗੇੜ੍ਹਿਆਂ ਦਾ ਹਿਸਾਬ ਰੱਖਕੇ, ਤੂੰ ਆਪਣਾ ਸੌ ਚੱਕਰ ਪੂਰਾ ਕਰਨਾ ਹੈ।"

ਕਾਂ ਬਾਜ ਦੀਆਂ ਫਿਰ ਮਿੰਨਤਾਂ ਕੱਢਣ ਲੱਗਾ,

"ਜਨਾਬ! ਇਹ ਤਾਂ ਬਹੁਤ ਵੱਡੀ ਬੇਇਜ਼ਤੀ ਹੋਵੇਗੀ, ਹਨੇਰਾ ਹੋ ਜਾਣ ਦਿਉ, ਰਾਤ ਨੂੰ ਤੁਹਾਡਾ ਹੁਕਮ ਮੰਨ ਕੇ ਇਹ ਸਜ਼ਾ ਭੁਗਤ ਲਵਾਂਗਾ।ਓਦੋਂ ਦੂਜੇ ਪੰਛੀ ਸੁੱਤੇ ਹੋਣਗੇ।"

ਬਾਜ ਨੇ ਫਿਰ ਕੜਕਵੀਂ ਅਵਾਜ਼ ਵਿਚ ਕਿਹਾ,

"ਤੂੰ ਘੁੱਗੀਆਂ ਦੇ ਆਂਡੇ ਪੀਣ ਲੱਗੇ ਨੇ ਦਿਨ ਰਾਤ ਦਾ ਹਿਸਾਬ ਲਾਇਆ ਸੀ? ਚੱਲ! ਜੇ ਹੁਣ ਬੋਲਿਆ ਤਾਂ ਤੇਰੀ ਗੰਦੀ ਗਰਦਨ ਮਰੋੜ ਦੇਵਾਂਗਾ।ਮੈਂ ਏਥੇ ਬੈਠ ਕੇ ਤੇਰੇ ਚੱਕਰ ਗਿਣਾਂਗਾ।"

ਕਾਂ ਨੇ ਇਕ ਘੁੱਗੀ ਤੇ ਇਕ ਚਿੜੀ ਨੂੰ ਆਪਣੇ ਉਪਰ ਬਿਠਾ ਕੇ ਉੱਡਣਾ ਸ਼ੁਰੂ ਕੀਤਾ।ਕਾਂ ਦਾ ਜਲੂਸ ਨਿਕਲਿਆ ਵੇਖ ਕੇ ਕਈ ਮਾਸੂਮ ਪੰਛੀ ਖ਼ੁਸ਼ੀ ਨਾਲ

ਟਪੂਸੀਆਂ ਮਾਰ ਰਹੇ ਸਨ। ਵੀਹ ਚੱਕਰ ਲਾਉਣ ਪਿੱਛੋਂ ਕਾਂ ਨੂੰ ਬਾਜ ਨੇ ਕੋਲ ਸੱਦਿਆ ਤੇ ਉਸ ਉਪਰ ਦੂਜੀ ਘੁੱਗੀ ਤੇ ਚਿੜੀ ਬਿਠਾ ਦਿੱਤੀਆਂ ਤੇ ਕਿਹਾ,

ਹੁਣ ਅਗਲੇ ਵੀਹ ਚੱਕਰਾਂ ਵਿਚ ਇਹਨਾਂ ਨੂੰ ਹੂਟੇ ਦਿਵਾ।" ਇਉਂ ਜਦੋਂ ਵੀਹ ਚੱਕਰ ਪੂਰੇ ਹੋ ਜਾਂਦੇ ਤਾਂ ਬਾਜ ਕਾਂ ਉਪਰ ਅਗਲੀ ਘੁੱਗੀ ਤੇ ਚਿੜੀ ਬਿਠਾਦਿੰਦਾ। ਚਾਰਾਂ ਵਾਰੀਆਂ ਵਿਚ ਚਾਰੇ ਘੁੱਗੀਆਂ ਜੰਗਲ ਦੀ ਸੈਰ ਕਰ ਚੁੱਕੀਆਂ ਸਨ। ਪਰ ਅਜੇ ਛੇ ਚਿੜੀਆਂ ਰਹਿੰਦੀਆਂ ਸਨ। ਪੰਜਵੀਂ ਵਾਰੀ ਵਿਚ ਬਾਜ ਨੇਦੋ ਚਿੜੀਆਂ ਹੀ ਕਾਂ ਉਪਰ ਬਿਠਾ ਦਿੱਤੀਆਂ। ਜਦੋਂ ਕਾਂ ਪੰਜਵੀਂ ਵਾਰੀ ਦੇ ਵੀਹ ਚੱਕਰ ਪੂਰੇ ਕਰ ਰਿਹਾ ਸੀ ਤਾਂ ਬਾਕੀ ਬਚਦੀਆਂ ਚਾਰ ਚਿੜੀਆਂ ਨਿਰਾਸ਼ ਹੋ ਕੇ ਬਾਜ ਨੂੰ ਕਹਿਣ ਲੱਗੀਆਂ, "ਸਾਡੀ ਹੂਟੇ ਲੈਣ ਦੀ ਤਾਂ ਵਾਰੀ ਨਹੀਂ ਆਉਣੀ, ਕਾਂ ਨੇ ਆਪਣੀ ਆਖਰੀ ਵੀਹੀ ਪੂਰੀ ਕਰ ਉੱਡ ਜਾਣਾ। ਸਾਨੂੰ ਤਾਂ ਇਹੋ ਜਿਹਾ ਮੌਕਾ ਜ਼ਿੰਦਗੀ ਭਰ ਨਹੀਂ ਮਿਲਣਾ।"

ਏਨੇ ਨੂੰ ਕਾਂ ਆਪਣੇ ਆਖਰੀ ਵੀਹ ਗੇੜੇ ਪੂਰੇ ਕਰਕੇ ਬਾਜ ਕੋਲ ਆ ਕੇ ਜਾਣ ਦੀ ਇਜ਼ਾਜ਼ਤ ਮੰਗਣ ਲੱਗਾ।

ਬਾਜ ਨੇ ਕਿਹਾ,

"ਨਹੀਂ ਅਜੇ ਤੇਰਾ ਜਾਣ ਦਾ ਵਕਤ ਨਹੀਂ ਹੋਇਆ ਤੇਰੀ ਸਜ਼ਾ ਅਜੇ ਪੂਰੀ ਨਹੀਂ ਹੋਈ।" ਇਹ ਸੁਣ ਕੇ ਕਾਂ ਘਬਰਾ ਗਿਆ ਤੇ ਕਹਿਣ ਲੱਗਾ,"ਜਨਾਬ ਤੁਸੀਂ ਸੌ ਚੱਕਰ ਲਾਉਣ ਦੀ ਸਜ਼ਾ ਸੁਣਾਈ ਸੀ, ਉਹ ਮੈਂ ਪੰਜ ਵੀਹਾਂ ਗਿਣਕੇ ਪੂਰੇ ਕਰ ਦਿੱਤੇ ਹਨ, ਹੁਣ ਤਾਂ ਮੇਰੇ ਵਿਚ ਕੁਝ ਵੀ ਕਰਨ ਦੀ ਸੱਤਿਆ ਨਹੀਂ ਰਹੀ, ਸਾਰੇ ਜੰਗਲ ਵਿਚ ਮੇਰਾ ਮਜ਼ਾਕ ਉਡਾਇਆ ਜਾ ਰਿਹਾ, ਹੁਣ ਤਾਂਮੈਂ ਕਿਸੇ ਛੋਟੇ ਤੋਂ ਛੋਟੇ ਪੰਛੀ ਅੱਗੇ ਵੀ ਝਾਕ ਨਹੀਂ ਸਕਦਾ, ਤੇ ਸਰੀਰ ਮੇਰਾ ਥੱਕ ਕੇ ਚੂਰ ਹੋ ਚੁੱਕਿਆ ਹੈ।"

ਬਾਜ ਨੇ ਕਿਹਾ, “ਮੈਂ ਤੈਨੂੰ ਕੋਈ ਵੱਧ ਸਜ਼ਾ ਨਹੀਂ ਦੇਣ ਲੱਗਾ, ਪਰ ਤੇਰੇ ਚੱਕਰਾਂ ਦੀਆਂ ਅਜੇ ਦੋ ਵੀਹਾਂ ਹੋਰ ਰਹਿੰਦੀਆਂ ਹਨ। ਇਹ ਚਾਰ ਚਿੜੀਆਂ ਜੋ ਬਾਕੀ ਰਹਿ ਗਈਆਂ, ਇਹਨਾਂ ਨੂੰ ਵੀ ਵਾਰੀ ਸਿਰ ਬਿਠਾ ਕੇ ਸੈਰ ਕਰਵਾ।"

ਕਾਂ ਨੇ ਕਿਹਾ, “ਪਰ ਜਨਾਬ, ਮੈਂ ਪੰਜ ਵੀਹਾਂ ਤੁਹਾਡੇ ਹੁਕਮ ਮੁਤਾਬਕ ਪੂਰੀਆਂ ਕਰ ਦਿੱਤੀਆਂ ਹਨ, ਪੰਜ ਵੀਹਾਂ ਦਾ ਸੌ ਬਣਦਾ। ਤੁਸੀਂ ਆਪ ਹੀ ਤਾਂ ਮੈਨੂੰ ਸੌ ਚੱਕਰ ਲਾਉਣ ਦੀ ਸਜ਼ਾ ਸੁਣਾਈ ਸੀ। ਉਹ ਮੈਂ ਪੂਰੀ ਕਰ ਚੁੱਕਾ ਹਾਂ ਜੀ।’’

ਬਾਜ ਨੇ ਮਸ਼ਕਰੀ ਕਰਦਿਆਂ ਕਿਹਾ,

ਚੱਕਰ ਤਾਂ ਤੂੰ ਸੌ ਹੀ ਲਾਉਣੇ ਸਨ, ਪਰ ਜਿਹੜੇ ਹਿਸਾਬ ਨਾਲ ਤੂੰ ਗਿਣਦਾ ਏਂ, ਉਹ ਤੇਰਾ ਹਿਸਾਬ ਹੋਵੇਗਾ, ਸਾਡਾ ਸੌ ਤਾਂ ਸੱਤਾਂ ਵੀਹਾਂ ਦਾ ਬਣਦਾ।

ਜਦੋਂ ਬਾਕੀ ਰਹਿੰਦੀਆਂ ਚਾਰੇ ਚਿੜੀਆਂ ਵੀ ਦੋ ਵੀਹਾਂ ਗੇੜੇ ਲਵਾ ਕੇ, ਹੂਟੇ ਲੈ ਕੇ ਬਾਜ ਕੋਲ ਆਈਆਂ ਤਾਂ ਬਾਜ ਨੇ ਉਹਨਾਂ ਨੂੰ ਕਿਹਾ,

“ਐਵੇਂ ਘਬਰਾਈ ਜਾਂਦੀਆਂ ਸੀ, ਤੁਸੀਂ ਵੇਖਿਆ ਜੇ ਆਪਾਂ ਸੌ ਨੂੰ ਪੰਜ ਵੀਹਾਂ ਤੋਂ ਵਧਾ ਕੇ ਸੱਤਾਂ ਵੀਹਾਂ ਦਾ ਕਰ ਲਿਆ।“

ਉਸ ਦਿਨ ਤੋਂ ਬਾਅਦ ਕਾਂ ਨਮੋਸ਼ੀ ਦਾ ਮਾਰਿਆ ਹੋਇਆ ਜੰਗਲ ਹੀ ਛੱਡ ਗਿਆ।